


ਹੱਕ ਸੱਚ ਦੀ ਆਵਾਜ਼

# ਫਤਿਹ ਟਾਈਮਜ਼

ਰੋਜ਼ਾਨਾ ਡਿਜੀਟਲ ਐਡੀਸ਼ਨ

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ।।



ਮੁੱਖ ਸੰਪਾਦਕ
ਸਰਬਜੋਤ ਸਿੰਘ ਸੰਧਾ

ਮੁੱਖ ਸੰਪਾਦਕ ਸਰਬਜੋਤ ਸਿੰਘ ਸੰਧਾ | www.fatehtimesmedia.com | Email- fatehtimes1699@gmail.com

ਰਜਿ ਨੰ : ਪੀ ਬੀ 22000167 | ਫਤਿਹਾਬਾਦ , ਸੋਮਵਾਰ 13 ਅਪ੍ਰੈਲ 2026, ਨਾਨਕਸ਼ਾਹੀ 31 ਚੇਤ, ਸੰਮਤ 558 | ਸਾਲ: 4, ਅੰਕ 383, ਪੰਨੇ: 4, ਮੁੱਲ: 4 ਰੁਪਏ

## ਫ਼ੋਰਮ ਆਫ਼ ਰਿਟਾਇਰਡ ਡਿਪਲੋਮਾ ਇੰਜੀਨੀਅਜ ਨੇ ਪੰਜਾਬ ਸਰਕਾਰ ਤੋਂ ਮੁਲਾਜ਼ਮਾਂ ਦੇ ਬਕਾਇਆਂ ਦਾ ਜਲਦੀ ਨਿਪਟਾਰਾ ਕਰਨ ਦੀ ਕੀਤੀ ਮੰਗ: ਇੰਜ ਦਲਜੀਤ ਸਿੰਘ ਕੋਹਲੀ



ਅੰਮ੍ਰਿਤਸਰ, 12 ਅਪ੍ਰੈਲ (ਪ ਪ) ਫੋਰਮ ਆਫ ਰੀਟਾਇਡ ਡਿਪਲੋਮਾ ਇੰਜਨੀਅਰ ਅੰਮ੍ਰਿਤਸਰ , ਤਰਨ ਤਾਰਨ, ਫੋਰਡ ਦੀ ਮਹੀਨਾਵਾਰ ਮੀਟਿੰਗ ਹੋਈ। ਇੰਜ ਦਲਜੀਤ ਸਿੰਘ ਕੋਹਲੀ ਨੇ ਦਸਿਆ ਕਿ ਮੀਟਿੰਗ ਬੜੇ ਸਦਭਾਵਨਾ ਭਰੇ ਮਹੌਲ ਵਿੱਚ ਹੋਈ। ਮੀਟਿੰਗ ਦੀ ਸ਼ੁਰੂਆਤ ਵਿਛੜ ਚੁੱਕੇ ਸਾਥੀਆਂ,ਇੰਜ ਹਰਭਜਨ ਸਿੰਘ ਸਾਂਦਾ ਇੰਜ. ਇੰਦਰਜੀਤ ਸ਼ਰਮਾ ਚੰਡੀਗੜ, ਇੰਜ ਨੱਥੂ ਰਾਮ ਸਿੰਗਲਾ ਮੁਹਾਲੀ, ਇੰਜ ਸਤਨਾਮ ਸਿੰਘ ਅੰਮ੍ਰਿਤਸਰ ਅਤੇ ਸ੍ਰੀ ਮਤੀ ਕੁਲਵੰਤ ਕੌਰ ਪਤਨੀ ਇੰਜ.ਹਰਜੀਤ ਸਿੰਘ ਲੋਕ ਨਿਰਮਾਣ ਵਿਭਾਗ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ। ਇੰਜ ਕੁਲਦੀਪ ਸਿੰਘ ਬੋਪਾਰਾਏ ਨੇ ਅੱਜ ਦੀ ਇਕੱਤਰਤਾ ਵਿੱਚ ਮਾਨਯੋਗ ਹਾਈ ਕੋਰਟ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾ ਦਾ ਬਣਦਾ ਡੀ ਏ ਦਾ ਬਕਾਇਆ 30 ਜੂਨ ਤੱਕ ਦੇਣ ਸਬੰਧੀ ਆਏ ਫ਼ੈਸਲੇ ਉੱਪਰ ਤਸੱਲੀ ਪਰਗਟ ਕੀਤੀ ਗਈ। ਮੈਂਬਰਾਨ ਵਲੋਂ ਮੰਗ ਕੀਤੀ ਗਈ ਕਿ ਸਰਕਾਰ ਹਾਈਕੋਰਟ ਦੇ ਫੈਸਲੇ ਨੂੰ ਇੰਨ ਬਿੰਨ ਲਾਗੂ ਕਰੇ। ਇਸ ਸਬੰਧੀ ਫੈਸਲਾ ਕੀਤਾ ਗਿਆ ਤਾਂ ਜੋ ਪੈਂਨਸ਼ਨਰਾ ਨੂੰ ਉਹਨਾਂ ਦਾ ਬਣਦਾ ਹੱਕ ਸਮੇਂ ਸਿਰ ਮਿਲ ਸਕੇ ਕਿਉਂਕਿ ਉਮਰ ਦੇ ਤਕਾਜ਼ੇ ਨਾਲ ਸਾਡੇ ਕਈ ਸਾਥੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਚੁੱਕੇ ਹਨ ਛੇਵੇਂ ਪੇ ਕਮਿਸ਼ਨ ਦਾ ਬਕਾਇਆ ਜਲਦੀ ਦੇਣ ਲਈ ਸਟੇਟ ਕਾਰਜਕਾਰਨੀ ਨੂੰ ਸਰਕਾਰ ਤੇ ਦਬਾਅ ਬਣਾਉਣ ਲਈ ਮਤਾ ਪਾਸ ਕੀਤਾ ਗਿਆ। ਅੱਜ ਦੀ ਮੀਟਿੰਗ ਵਿੱਚ ਸੂਬਾ ਪ੍ਰਧਾਨ ਇੰਜ ਦਲਜੀਤ ਸਿੰਘ ਕੋਹਲੀ ਉਚੇਚੇ ਤੌਰ ਤੇ ਹਾਜਰ ਸਨ। ਇਸ ਮੌਕੇ ਇੰਜ ਜਗਨ ਨਾਥ ਸ਼ਰਮਾਂ, ਇੰਜ ਹਰਜਿੰਦਰ ਸਿੰਘ ਸਰਾਂ,ਇੰਜ ਹਰਭਜਨ ਸਿੰਘ ਬਸਰਾ,ਇੰਜ ਕੁਲਦੀਪ ਸਿੰਘ ਬੋਪਾਰਾਏ ਇੰਜ.ਸਮਸ਼ੇਰ ਸਿੰਘ ਜੋਸਨ ,ਇੰਜ ਅਜੇ ਕੁਮਾਰ ,ਇੰਜ ਪਰਮਿੰਦਰਜੀਤ ਸਿੰਘ ਪੰਮੀ,ਇੰਜ ਰਮੇਸ ਕੁਮਾਰ ,ਇੰਜ ਕੁਲਬੀਰ ਸਿੰਘ ,ਇੰਜ ਹਰਜਿੰਦਰ ਸਿੰਘ ਇੰਜ ਜੀ ਐਸ ਚਾਵਲਾ ਸ਼ਾਮਲ ਹੋਏ। ਮੀਟਿੰਗ ਧੰਨਵਾਦ ਦੇ ਮਤੇ ਨਾਲ ਸੰਪੂਰਨ ਕੀਤੀ ਗਈ।

## ਮੰਜਿਲਾਂ ਭਾਵੇਂ ਜਿੰਨੀਆਂ ਮਰਜੀ ਉੱਚੀਆਂ ਹੋਣ ਪਰ ਰਸਤੇ ਤਾਂ ਹਮੇਸ਼ਾਂ ਪੈਰਾਂ ਥੱਲੇ ਹੁੰਦੇ ਨੇ।

### ਸਰਬਜੋਤ ਸਿੰਘ ਸੰਧਾ

ਮਨੁੱਖ ਕੁਦਰਤ ਦੀ ਬਣਾਈ ਉਹ ਸ਼ੈਅ ਹੈ ਜੋ ਮਰਿਆਦਾ ਚ ਰਹੇ ਤਾ ਵਿਕਾਸ ਹੁੰਦਾ ਤੇ ਜੇਕਰ ਮਰਿਆਦਾ ਤੋਂ ਬਾਹਰ ਹੋ ਜਾਵੇ ਫਿਰ ਵਿਨਾਸ਼ ਹੀ ਹੁੰਦਾ। ਇਨਸਾਨ ਆਪਣੀ ਜਿੰਦਗੀ ਵਿਚ ਕੁਝ ਨਾ ਕੁਝ ਕਰਨ ਲਈ ਹਮੇਸ਼ਾ ਤਰਲੋ ਮੱਛੀ ਹੁੰਦਾ ਰਹਿੰਦਾ ਹੈ ਪਰ ਜੇਕਰ ਉਸ ਨੇ ਕੋਈ ਟੀਚਾ ਨਹੀ ਮਿੱਥਿਆ ਤਾ ਉਸਦੀ ਸਾਰੀ ਘਾਲਣਾ ਵਿਅਰਥ ਚਲੇ ਜਾਂਦੀ ਹੈ ਕਿਉਂ ਕਿ ਉਸ ਨੇ ਕੋਈ ਟੀਚਾ ਨਹੀ ਮਿੱਥਿਆ ਹੁੰਦਾ। ਮੰਜਿਲਾਂ ਭਾਵੇਂ ਜਿੰਨੀਆਂ ਮਰਜੀ ਉੱਚੀਆਂ ਹੋਣ ਪਰ ਰਸਤੇ ਤਾਂ ਹਮੇਸ਼ਾਂ ਪੈਰਾਂ ਥੱਲੇ ਹੁੰਦੇ ਨੇ। ਇਨਸਾਨ ਮਿਹਨਤ ਕਰਕੇ ਕਿਸੇ ਵੀ ਟੀਚੇ ਨੂੰ ਹਾਸਲ ਕਰ ਸਕਦਾ ਹੈ ਹਾਂ ਉਸ ਇਨਸਾਨ ਵਲੋਂ ਆਪਣੇ ਟੀਚੇ ਦੀ ਪ੍ਰਾਪਤੀ ਤੱਕ ਸਖਤ ਮਿਹਨਤ ਕਰਦੇ ਰਹਿਣ ਦੀ ਲੋੜ ਹੁੰਦੀ ਹੈ । ਇਸ ਲਈ ਜਿੰਦਗੀ ਨੂੰ ਇਕੱਲਾ ਸਮਾਂ ਲੰਗਾਉਣ ਲਈ ਨਹੀ ਇਕ ਟੀਚਾ ਮਿੱਥ ਕੇ ਜੀਓ ਤਾ ਫਿਰ ਮਿਹਨਤ ਹਮੇਸ਼ਾ ਤੁਹਾਡਾ ਸਾਥੀ ਬਣ ਕੇ ਨਾਲ ਰਹੇਗੀ ।

## ਪਠਾਨਕੋਟ ਦੇ ਪਿੰਡ ਰਾਣੀਪੁਰ ਧੀਗਾਂ ਦੇ ਪਿੰਡ ਵਾਸੀਆਂ ਨੇ ਆਪੇ ਛਾਪੇਮਾਰੀ ਕਰ ਗੈਰ-ਕਾਨੂੰਨੀ ਸ਼ਰਾਬ ਦੀ ਇੱਕ ਵੱਡੀ ਖੇਪ ਫੜੀ



ਪਠਾਨਕੋਟ, 12 ਅਪ੍ਰੈਲ (ਪਵਨ ਸ਼ਰਮਾਂ) ਜ਼ਿਲ੍ਹਾ ਪਠਾਨਕੋਟ ਜੋਂ ਕਿ ਪੰਜਾਬ ਦਾ ਸਰਹੱਦੀ ਜ਼ਿਲ੍ਹਾ ਹੈ ਵਿੱਚ ਨਸ਼ੀਲੇ ਪਦਾਰਥਾਂ ਵਿਰੁੱਧ ਚੱਲ ਰਹੀ ਜੰਗ ਵਿੱਚ ਹੁਣ ਆਮ ਜਨਤਾ ਨੇ ਅਗਵਾਈ ਕੀਤੀ ਹੈ। ਪਿੰਡ ਵਾਸੀਆਂ ਨੇ ਆਪ ਹਿੰਮਤ ਦਿਖਾਉਂਦੇ ਹੋਏ ਰਾਣੀਪੁਰ ਧੀਗਾਂ ਪਿੰਡ ਦੇ ਪਿੰਡ ਵਾਸੀਆਂ ਨੇ ਨਾ ਸਿਰਫ਼ ਇੱਕ ਗੈਰ-ਕਾਨੂੰਨੀ ਸ਼ਰਾਬ ਦੇ ਕਾਰੋਬਾਰ ਦਾ ਪਰਦਾਫਾਸ਼ ਕੀਤਾ ਬਲਕਿ ਵੱਡੀ ਮਾਤਰਾ ਵਿੱਚ ਸ਼ਰਾਬ ਵੀ ਜ਼ਬਤ ਕੀਤੀ ਅਤੇ ਇਸਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ। ਪਿੰਡ ਵਾਸੀਆਂ ਵੱਲੋਂ ਕੀਤੀ ਗਈ ਇਸ ਮੁਹਿੰਮ ਨਾਲ ਇਲਾਕੇ ਦੇ ਨਸ਼ਾ ਤਸਕਰਾਂ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ ਹੈ। ਪਿੰਡ ਵਾਸੀਆਂ ਦੇ ਅਨੁਸਾਰ ਪਿੰਡ ਵਿੱਚ ਲੰਬੇ ਸਮੇਂ ਤੋਂ ਗੈਰ-ਕਾਨੂੰਨੀ ਸ਼ਰਾਬ ਦੀ ਵਿਕਰੀ ਜ਼ੋਰਾਂ 'ਤੇ ਸੀ। ਸ਼ਰਾਬ ਮਾਫੀਆ ਬੇਖੌਫ਼ ਹੋ ਕੇ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿੱਚ ਧੱਕ ਰਿਹਾ ਸੀ, ਜਿਸ ਨਾਲ ਪਿੰਡ ਦੇ ਸਮਾਜਿਕ ਤਾਣੇ-ਬਾਣੇ ਅਤੇ ਸ਼ਾਂਤੀ ਭੰਗ ਹੋ ਰਹੀ ਸੀ। ਪੰਚਾਇਤ ਅਤੇ ਸਥਾਨਕ ਨੌਜਵਾਨਾਂ ਵੱਲੋਂ ਵਾਰ-ਵਾਰ ਚੇਤਾਵਨੀਆਂ ਦਿੱਤੀਆਂ ਗਈਆਂ, ਪਰ ਜਦੋਂ ਤਸਕਰਾਂ ਨੇ ਆਪਣੀਆਂ ਗਤੀਵਿਧੀਆਂ ਬੰਦ ਨਹੀਂ ਕੀਤੀਆਂ, ਤਾਂ ਪਿੰਡ ਵਾਸੀਆਂ ਨੇ "ਨਸ਼ਾ ਮੁਕਤ ਪਿੰਡ" ਪ੍ਰਾਪਤ ਕਰਨ ਲਈ ਦ੍ਰਿੜ ਇਰਾਦੇ ਨਾਲ ਖੁਦ ਕਾਰਵਾਈ ਕਰਨ ਦਾ ਫੈਸਲਾ ਕੀਤਾ। ਬੀਤੇ ਦਿਨੀਂ ਦਰਜਨਾਂ ਪਿੰਡ ਵਾਸੀ ਇਕੱਠੇ ਹੋ ਗਏ ਅਤੇ ਸ਼ੱਕੀ ਥਾਵਾਂ 'ਤੇ ਅਚਾਨਕ ਛਾਪੇਮਾਰੀ ਕੀਤੀ। ਜਦੋਂ ਕਿ ਮਾਫੀਆ ਭੱਜਣ ਵਿੱਚ ਕਾਮਯਾਬ ਹੋ ਗਿਆ, ਪਿੰਡ ਵਾਸੀਆਂ ਨੇ ਮੌਕੇ ਤੋਂ ਵੱਡੀ ਮਾਤਰਾ ਵਿੱਚ ਨਾਜਾਇਜ਼ ਸ਼ਰਾਬ ਬਰਾਮਦ ਕੀਤੀ। ਪਿੰਡ ਵਾਸੀਆਂ ਨੇ ਤੁਰੰਤ ਸ਼ਾਹਪੁਰ ਕੰਢੀ ਪੁਲਿਸ ਨੂੰ ਸੂਚਿਤ ਕੀਤਾ ਅਤੇ ਜ਼ਬਤ ਕੀਤਾ ਸਾਮਾਨ ਉਨ੍ਹਾਂ ਨੂੰ ਸੌਂਪ ਦਿੱਤਾ। ਪਿੰਡ ਵਾਸੀਆਂ ਦੀਆਂ ਪ੍ਰਸ਼ਾਸ਼ਨ ਨੂੰ ਚੇਤਾਵਨੀ ਦਿੰਦਿਆਂ ਮੰਗ ਕੀਤੀ ਹੈ ਕਿ ਜ਼ਬਤ ਕੀਤੇ ਸਾਮਾਨ ਦੇ ਆਧਾਰ 'ਤੇ, ਮੁੱਖ ਮੁਲਜ਼ਮ ਦੀ ਪਛਾਣ ਕੀਤੀ ਜਾਵੇ ਅਤੇ ਗੈਰ-ਜ਼ਮਾਨਤੀ ਧਾਰਾਵਾਂ ਤਹਿਤ ਦੋਸ਼ ਲਗਾਇਆ ਜਾਵੇ। ਪਿੰਡ ਦੇ ਅੰਦਰ ਅਤੇ ਬਾਹਰ ਸੜਕਾਂ 'ਤੇ 24 ਘੰਟੇ ਪੁਲਿਸ ਗਸ਼ਤ ਯਕੀਨੀ ਬਣਾਈ ਜਾਵੇ। ਨਸ਼ੇ ਦੇ ਕਾਰੋਬਾਰ ਦਾ ਸਮਰਥਨ ਕਰਨ ਵਾਲੇ ਸਫੈਦਪੋਸ਼ ਵਿਅਕਤੀਆਂ ਦਾ ਵੀ ਪਰਦਾਫਾਸ਼ ਕੀਤਾ ਜਾਵੇ। "ਸਾਡੀ ਨੌਜਵਾਨ ਪੀੜ੍ਹੀ ਇਸ ਜ਼ਹਿਰ ਨਾਲ ਬਰਬਾਦ ਹੋ ਰਹੀ ਹੈ। ਅਸੀਂ ਹੁਣ ਵਿਹਲੇ ਨਹੀਂ ਬੈਠ ਸਕਦੇ। ਜੇਕਰ ਪੁਲਿਸ ਸਖ਼ਤ ਕਾਰਵਾਈ ਨਹੀਂ ਕਰਦੀ ਹੈ, ਤਾਂ ਪਿੰਡ ਵਾਸੀ ਆਪਣਾ ਸੰਘਰਸ਼ ਤੇਜ਼ ਕਰਨਗੇ।" ਇਲਾਕਾ ਨਿਵਾਸੀ ਇਸ ਸਬੰਧੀ ਸ਼ਾਹਪੁਰ ਕੰਢੀ ਪੁਲਿਸ ਨੇ ਪਿੰਡ ਵਾਸੀਆਂ ਦੇ ਸਹਿਯੋਗ ਦੀ ਸ਼ਲਾਘਾ ਕੀਤੀ ਹੈ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਜ਼ਬਤ (ਬਾਕੀ ਸਫਾ 2 ਤੇ)

## ਮੋਹਾਲੀ ਵਿੱਚ ਫੌਜੀ ਵਿਰਾਸਤ ‘ਤੇ ਆਧਾਰਿਤ ਕਿਤਾਬ ਦਾ ਲੋਕਾਰਪਣ



ਅੰਮ੍ਰਿਤਸਰ, 12 ਅਪ੍ਰੈਲ (ਪ ਪ) ਕਸੌਲੀ ਦੇ ਨੇੜੇ ਸਨਾਵਰ ਦੀਆਂ ਪਹਾੜੀਆਂ ਵਿੱਚ ਸਥਿਤ ਦ ਲਾਰੈਂਸ ਸਕੂਲ, ਸਨਾਵਰ ਦੀ ਪ੍ਰਸਿੱਧ ਕੌਫੀ ਟੇਬਲ ਬੁੱਕ “ਲਾਰੈਂਸ ਸਕੂਲ, ਸਨਾਵਰ: ਫੌਜੀ ਵਿਰਾਸਤ (1847–2025)” ਦਾ ਸ਼ਨੀਵਾਰ ਨੂੰ ਮੋਹਾਲੀ ਵਿੱਚ ਲੋਕਾਰਪਣ ਕੀਤਾ ਗਿਆ। ਇਹ ਕਿਤਾਬ ਸਕੂਲ ਦੀ ਸਮ੍ਰਿੱਧ ਫੌਜੀ ਵਿਰਾਸਤ ਅਤੇ ਦੇਸ਼ ਨਿਰਮਾਣ ਵਿੱਚ ਉਸਦੇ ਮਹੱਤਵਪੂਰਨ ਯੋਗਦਾਨ ਨੂੰ ਦਰਸਾਉਂਦੀ ਹੈ ਕਾਰਜਕ੍ਰਮ ਦੌਰਾਨ ਕਿਤਾਬ ਦੇ ਐਡੀਟਰ ਮੇਜਰ ਜਨਰਲ ਏ.ਜੇ.ਐਸ. ਸੰਧੂ, ਵੀਐਸਐਮ (ਸੇਵਾਮੁਕਤ) ਅਤੇ ਮੇਜਰ ਜਨਰਲ (ਡਾ.) ਕੁਲਪ੍ਰੀਤ ਸਿੰਘ ਨੇ ਇਸ ਪ੍ਰਕਾਸ਼ਨ ਦੇ ਪਿੱਛੇ ਦੀ ਸੋਚ, ਖੋਜ ਅਤੇ ਵਿਸ਼ੇਸ਼ਤਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ‘ਤੇ ਭਾਰਤੀ ਵਾਊ ਸੈਨਾ ਦੇ ਪੂਰਵ ਮੁਖੀ ਏਅਰ ਚੀਫ ਮਾਰਸ਼ਲ ਬੀ.ਐਸ. ਧਨੋਆ ਅਤੇ ਅੰਡਮਾਨ ਅਤੇ ਨਿਕੋਬਾਰ ਟਾਪੂਆਂ ਦੇ ਪੂਰਵ ਉਪ ਰਾਜਪਾਲ ਲੈਫਟਿਨੈਂਟ ਜਨਰਲ ਭੂਪਿੰਦਰ ਸਿੰਘ ਸਮੇਤ ਕਈ ਮਾਣਯੋਗ ਮਹਿਮਾਨ, ਸੀਨੀਅਰ ਫੌਜੀ ਅਧਿਕਾਰੀ, ਸਿੱਖਿਆਵਿਦ ਅਤੇ ਵਿਦਿਆਰਥੀ ਹਾਜ਼ਰ ਸਨ। ਸਕੂਲ ਦੇ ਹੈਡਮਾਸਟਰ ਹਿੰਮਤ ਸਿੰਘ ਢਿੱਲੋਂ ਨੇ ਸੰਸਥਾ ਦੀ ਸ਼ਾਨਦਾਰ ਵਿਰਾਸਤ, ਮੁੱਲਾਂ ਅਤੇ ਭਵਿੱਖੀ ਦ੍ਰਿਸ਼ਟੀ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ, ਜਦਕਿ ਵਿਦਿਆਰਥੀ ਪ੍ਰਤੀਨਿਧੀਆਂ ਨੇ ਸਨਾਵਰ ਕਮਿਊਨਿਟੀ ‘ਤੇ ਆਪਣਾ ਮਾਣ ਪ੍ਰਗਟ ਕੀਤਾ।

## ਸਕੂਲ ਬੱਸ ਡਰਾਈਵਰ ਦੀ ਪੁੱਤਰੀ ਆਂਚਲ ਨੇ ਅੱਠਵੀਂ ਜਮਾਤ ਦੀ ਬੋਰਡ ਦੀ ਪ੍ਰੀਖਿਆ ਵਿੱਚੋਂ ਹਾਸਿਲ ਕੀਤੇ 94 ਪ੍ਰਤੀਸ਼ਤ ਅੰਕ



ਪਠਾਨਕੋਟ, 12 ਅਪ੍ਰੈਲ (ਪਵਨ ਸ਼ਰਮਾਂ)ਬੀਤੇ ਦਿਨੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਜਮਾਤ ਦਾ ਨਤੀਜਾ ਐਲਾਨਿਆ ਗਿਆ। ਜਿਸ ਵਿੱਚ ਪੂਰੇ ਪੰਜਾਬ ਵਿਚੋਂ ਜ਼ਿਲ੍ਹਾ ਪਠਾਨਕੋਟ ਮੋਹਰੀ ਰਿਹਾ। ਜ਼ਿਲ੍ਹਾ ਪਠਾਨਕੋਟ ਦੇ ਕੁੱਲ 4983 ਵਿਦਿਅਰਥੀਆਂ ਨੇ ਅੱਠਵੀਂ ਦੀ ਪ੍ਰੀਖਿਆ ਵਿੱਚ ਭਾਗ ਲਿਆ। ਜਿਸ ਵਿਚੋਂ 4928 ਵਿਦਆਰਥੀ ਪਾਸ ਹੋਏ। ਜ਼ਿਲ੍ਹਾ ਪਠਾਨਕੋਟ ਦਾ ਨਤੀਜਾ 98.90 ਪ੍ਰਤੀਸ਼ਤ ਰਿਹਾ। ਇਸ ਵਿੱਚ ਸੱਭ ਤੋਂ ਵੱਧ ਮਾਣ ਵਾਲੀ ਗੱਲ ਇਹ ਹੈ ਕਿ ਇਕ ਪ੍ਰਾਈਵੇਟ ਸਕੂਲ ਬੱਸ ਡਰਾਈਵਰ ਰਾਜ ਕੁਮਾਰ ਦੀ ਪੁੱਤਰੀ ਆਂਚਲ ਨੇ ਆਪਣੇ ਮਾਤਾ ਪਿਤਾ ਅਤੇ ਅਪਨੇ ਸਕੂਲ ਪਰਮ ਭਾਗਿਆ ਸਰਵਹਿੱਤਕਾਰੀ ਵਿਦਿਆ ਮੰਦਿਰ ਹਾਈ ਸਕੂਲ ਹਰਿਆਲ ਦਾ ਨਾਮ ਰੌਸ਼ਨ ਕੀਤਾ ਅਤੇ ਸਕੂਲ ਵਿੱਚੋਂ ਪਹਿਲਾ ਸਥਾਨ 94 ਪ੍ਰਤੀਸ਼ਤ ਅੰਕ ਹਾਸਲ ਕੀਤੇ। ਇਸ ਸਕੂਲ ਦੇ ਮਾਨਿਕ ਕੁਮਾਰ ਨੇ 90 ਪ੍ਰਤੀਸ਼ਤ ਅੰਕ ਹਾਸਲ ਕੀਤੇ ਅਤੇ ਸਕੂਲ ਵਿੱਚੋਂ ਦੂਸਰਾ ਸਥਾਨ ਹਾਸਲ ਕੀਤਾ। ਤੀਸਰਾ ਸਥਾਨ ਅਰਾਧਿਆ ਨੇ 89.5 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕੀਤਾ। ਸਕੂਲ ਮੈਨੇਜਮੈਂਟ ਅਤੇ ਮਾਤਾ ਮਾਤਾ ਪਿਤਾ ਨੂੰ ਵੱਖ ਵੱਖ ਸੰਸਥਾਵਾਂ ਨੇ ਵਧਾਈ ਦਿੱਤੀ।

## ਜਰੂਰੀ ਮੁਰੰਮਤ ਦੌਰਾਨ ਬਿਜਲੀ ਰਹੇਗੀ ਬੰਦ



ਅੰਮ੍ਰਿਤਸਰ, 12 ਅਪ੍ਰੈਲ (ਪ ਪ) ਸਬ ਡਵੀਜ਼ਨ ਚਾਟੀਵਿੰਡ ਦੇ ਐਸ ਡੀ ਓ ਨੇ ਦੱਸਿਆ ਕਿ ਸੋਮਵਾਰ 13 ਅਪ੍ਰੈਲ ਨੂੰ 66 ਕੇ ਵੀ ਸਬ ਸਟੇਸ਼ਨ ਸੁਲਤਾਨਵਿੰਡ ਜਰੂਰੀ ਮੁਰੰਮਤ ਲਈ ਬੰਦ ਰਹੇਗਾ ਜਿਸ ਦੌਰਾਨ ਸੁਲਤਾਨਵਿੰਡ ਤੋਂ ਚਲਦੇ 11 ਕੇ ਵੀ ਭਾਈ ਮੰਝ ਸਾਹਿਬ ਫੀਡਰ ਅਤੇ ਗੁਰੂ ਅਰਜਨ ਦੇਵ ਨਗਰ ਫੀਡਰ ਦੀ ਬਿਜਲੀ ਸਪਲਾਈ ਬੰਦ ਰਹੇਗੀ ਅਤੇ ਇਸ ਤੋਂ ਇਲਾਵਾ 132 ਕੇ ਵੀ ਸਬ ਸਟੇਸ਼ਨ ਸਕੱਤਰੀ ਬਾਗ਼ ਤੋ ਚਲਦੇ 11 ਕੇ ਵੀ ਲਛਮੀ ਰਾਈਸ ਮਿੱਲ ਫੀਡਰ ਅਤੇ 11 ਕੇ ਵੀ ਦਿਲਬਾਗ ਨਗਰ ਫੀਡਰ ਜਰੂਰੀ ਮੁਰੰਮਤ ਕਾਰਨ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਬਿਜਲੀ ਸਪਲਾਈ ਬੰਦ ਰਹੇਗੀ।

LIC
भारतीय जीवन बीमा निगम
LIFE INSURANCE CORPORATION OF INDIA
ਬੀਮਾ ਸੇਵਾ ਕੇਂਦਰ

ਬੱਚਿਆਂ ਲਈ ਐਜੂਕੇਸ਼ਨ ਬੀਮਾ ਪੌਲਸੀ,
ਲੜਕੀਆਂ ਲਈ ਕੰਨਿਆਦਾਨ ਪੌਲਸੀ,
ਬੁਢਾਪਾ ਪੈਨਸ਼ਨ ਸਕੀਮ,ਮਨੀ ਬੈੱਕ ਪੌਲਸੀ,
ਰੋਜ਼ਾਨਾ ਬਚਤ ਪੌਲਸੀ,ਕਰੋੜਪਤੀ ਸਕੀਮ।

ਡੈਂਥ ਕਲੇਮ,ਮਚਿਉਰਟੀ ਜਾ ਫਿਰ ਹੋਰ
ਐਲ ਆਈ ਸੀ ਸੇਵਾ ਲਈ ਸੰਪਰਕ ਕਰੋ:
ਐਸ ਐਸ ਸੰਧਾ ਮੋ:9988537575

ਅਖਬਾਰਾਂ ਵਿਚ ਨਾਮ ਬਦਲੀ,ਬੇਦਖਲੀ ਨੋਟਿਸ,ਟਿਊਬਵੈਲ ਕੁਨੈਕਸ਼ਨ ਅਤੇ ਹੋਰ ਇਸ਼ਤਿਹਾਰ ਦੇਣ ਵੀ ਲਈ ਸੰਪਰਕ ਕਰੋ।

ਸਫਾ 1 ਦੀ ਬਾਕੀ

## ਪਠਾਨਕੋਟ ਦੇ ਪਿੰਡ ਰਾਣੀਪੁਰ ਧੀਗਾਂ ਦੇ ਪਿੰਡ ਵਾਸੀਆਂ ਨੇ ਆਪੇ ਛਾਪੇਮਾਰੀ ..

ਫਤਿਹ ਟਾਈਮਜ਼ ਕੀਤੀ ਗਈ ਸ਼ਰਾਬ ਨੂੰ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪਿੰਡ ਵਾਸੀਆਂ ਦੀ ਸਰਗਰਮ ਭਾਗੀਦਾਰੀ ਨਾਲ ਨਸ਼ਾ ਵੇਚਣ ਵਾਲਿਆਂ 'ਤੇ ਕਾਰਵਾਈ ਕਰਨਾ ਆਸਾਨ ਹੋ ਜਾਵੇਗਾ ਅਤੇ ਦੋਸ਼ੀਆਂ ਨੂੰ ਜਲਦੀ ਹੀ ਸਲਾਖਾਂ ਪਿੱਛੇ ਡੱਕ ਦਿੱਤਾ ਜਾਵੇਗਾ।

ਰਾਣੀਪੁਰ ਧੀਗਾਂ ਦੇ ਵਸਨੀਕਾਂ ਦੁਆਰਾ ਦਿਖਾਈ ਗਈ ਸਮੂਹਿਕ ਹਿੰਮਤ ਦੀ ਸ਼ਾਹਪੁਰ ਕੰਢੀ ਖੇਤਰ ਵਿੱਚ ਪੂਰੇ ਜ਼ੋਰ ਨਾਲ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਲੋਕ ਇਸਨੂੰ ਦੂਜੇ ਪਿੰਡਾਂ ਲਈ ਪ੍ਰੇਰਨਾ ਮੰਨ ਰਹੇ ਹਨ। ਇਹ ਘਟਨਾ ਇਸ ਗੱਲ ਦਾ ਸਬੂਤ ਹੈ ਕਿ ਜੇਕਰ ਜਨਤਾ ਦ੍ਰਿੜ ਹੋਵੇ, ਤਾਂ ਸਿਸਟਮ ਅਤੇ ਸਮਾਜ ਵਿੱਚੋਂ ਨਸ਼ੇ ਦੀ ਬੁਰਾਈ ਨੂੰ ਖਤਮ ਕੀਤਾ ਜਾ ਸਕਦਾ ਹੈ।

Hotel
EURO
PALACE
&
Restorent
Mandi road
Rewalsar
Wi fi & Rooms
Available
Mob:9817679963

ਪੱਤਰਕਾਰਾਂ ਦੀ ਲੋੜ

ਅਦਾਰਾ ਫਤਿਹ ਟਾਈਮਜ਼ ਨੂੰ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਕਸਬਿਆਂ ਤੋਂ ਪੜ੍ਹੇ ਲਿਖੇ ਰਿਪੋਰਟਰਾਂ ਦੀ ਲੋੜ ਹੈ ਚਾਹਵਾਨ ਹੇਠ ਦਿੱਤੇ ਨੰਬਰ ਤੇ ਸੰਪਰਕ ਕਰਨ ।

ਮੋ:99885-37575

# ਧਾਰਮਿਕ ਭਾਵਨਾਵਾਂ ਨਾਲ ਖੇਡ ਰਿਹਾ ਸਰਕਾਰ ਦਾ ਬੇਅਦਬੀ ਬਿੱਲ: ਪ੍ਰੋ. ਖਿਆਲਾ

ਫਤਿਹ ਟਾਈਮਜ਼

ਅੰਮ੍ਰਿਤਸਰ, 12 ਅਪ੍ਰੈਲ (ਸੰਧਾ) ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਪੰਜਾਬ ਮੰਤਰੀ ਮੰਡਲ ਵੱਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਵਿੱਚ ਸੋਧ ਸਬੰਧੀ '(ਸੋਧ) ਬਿੱਲ 2026' ਨੂੰ ਵਿਧਾਨ ਸਭਾ ਵਿੱਚ ਪੇਸ਼ ਕਰਨ ਲਈ ਬਿਨਾ ਕਿਸੇ ਆਮ ਰਾਏ ਦੇ ਦਿੱਤੀ ਪ੍ਰਵਾਨਗੀ 'ਤੇ ਗੰਭੀਰ ਸਵਾਲ ਖੜੇ ਕੀਤੇ ਹਨ।

ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਸੱਚਮੁੱਚ ਬੇਅਦਬੀ ਦੇ ਮਾਮਲਿਆਂ ਵਿੱਚ ਦੋਸ਼ੀਆਂ ਵਿਰੁੱਧ ਕੜੀ ਕਾਰਵਾਈ ਕਰਨ ਲਈ ਸੁਹਿਰਦ ਹੈ ਅਤੇ ਇਸ ਗੰਭੀਰ ਮਸਲੇ 'ਤੇ ਨਵਾਂ ਕਾਨੂੰਨ ਲਿਆਉਣਾ ਚਾਹੁੰਦੀ ਹੈ, ਤਾਂ ਫਿਰ ਬਿੱਲ ਦਾ ਖਰੜਾ ਸਿੱਖ ਜਥੇਬੰਦੀਆਂ ਅਤੇ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਤੇ ਮਾਹਿਰਾਂ ਨਾਲ ਸਾਂਝਾ ਕਰਨ ਤੋਂ ਕਿਉਂ ਆਨਾਕਾਨੀ ਕੀਤੀ ਅਤੇ ਆਮ ਰਾਏ ਕਿਉਂ ਨਹੀਂ ਬਣਾਈ ਗਈ?

ਉਨ੍ਹਾਂ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਸਰਕਾਰ ਵਿੱਚ ਨਾ ਤਾਂ ਸਿਆਸੀ ਇੱਛਾ ਸ਼ਕਤੀ ਹੈ ਅਤੇ ਨਾ ਹੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀ ਅਸਲ ਮਨਸ਼ਾ। ਇਹ ਬਿੱਲ ਸਿਰਫ਼ ਸਰਕਾਰ ਦੀਆਂ ਨਾਕਾਮੀਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਇੱਕ ਸਿਆਸੀ ਸਟੰਟ ਹੈ, ਜਿਸ ਵਿੱਚ ਧਾਰਮਿਕ ਭਾਵਨਾਵਾਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ 2008 ਦਾ ਐਕਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ, ਪ੍ਰਕਾਸ਼ਨ, ਸਟੋਰੇਜ ਅਤੇ ਵੰਡ ਨੂੰ ਸਿੱਖੀ ਮਰਿਆਦਾ ਅਨੁਸਾਰ



ਯਕੀਨੀ ਬਣਾਉਣ ਲਈ ਸੰਵਿਧਾਨਕ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਧਿਕਾਰਤ ਕਰਦਾ ਹੈ। ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਦਖ਼ਲਅੰਦਾਜ਼ੀ 1959 ਦੇ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਮਾਸਟਰ ਤਾਰਾ ਸਿੰਘ ਦਰਮਿਆਨ ਹੋਏ ਸਮਝੌਤੇ ਦੀ ਸਿੱਧੀ ਉਲੰਘਣਾ ਹੈ।

ਉਨ੍ਹਾਂ ਅੰਕੜੇ ਪੇਸ਼ ਕਰਦਿਆਂ ਕਿਹਾ ਕਿ ਪਿਛਲੇ 11 ਸਾਲਾਂ ਵਿੱਚ 597 ਬੇਅਦਬੀ ਦੇ ਮਾਮਲੇ ਦਰਜ ਹੋਏ, ਜਿਨ੍ਹਾਂ ਵਿੱਚ ਕੇਵਲ 44 ਮਾਮਲਿਆਂ ਵਿੱਚ ਹੀ ਦੋਸ਼ ਸਾਬਤ ਹੋਇਆ, 131 ਕੇਸ ਅਦਾਲਤਾਂ ਵਿੱਚ ਲੰਬਿਤ ਹਨ ਅਤੇ 422 ਮਾਮਲੇ ਬਿਨਾਂ ਨਤੀਜੇ ਦੇ ਰਫ਼ਾ-ਦਫ਼ਾ ਹੋ ਜਾਣਾ ਇਹ ਸਪਸ਼ਟ ਕਰਦਾ ਹੈ ਕਿ ਸਰਕਾਰ ਇਸ ਮਾਮਲੇ 'ਤੇ ਕੋਈ ਢੁਕਵਾਂ ਅਤੇ ਸਖ਼ਤ ਕਦਮ ਚੁੱਕਣ ਵਿੱਚ ਅਸਫਲ ਰਹੀ ਹੈ।

ਉਨ੍ਹਾਂ ਕਿਹਾ ਕਿ ਮੌਜੂਦਾ ਕਾਨੂੰਨਾਂ—ਇਫਛ ਧਾਰਾ 295ਅ ਅਤੇ 153ਅ—ਹੇਠ 3 ਤੋਂ 5 ਸਾਲ ਕੁਲ 8 ਸਾਲ ਤੱਕ ਦੀ ਸਜ਼ਾ ਦੇ ਪ੍ਰਾਵਧਾਨ ਹੋਣ ਦੇ ਬਾਵਜੂਦ ਵੀ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿੱਚ ਨਾਕਾਮੀ ਸਰਕਾਰ ਦੀ ਅਣਦੇਖੀ ਨੂੰ ਦਰਸਾਉਂਦੀ ਹੈ। ਕਈ ਮਾਮਲਿਆਂ ਵਿੱਚ ਤਾਂ ਸਿਰਫ਼ 300 ਤੋਂ 500 ਰੁਪਏ ਦੇ ਜੁਰਮਾਨੇ ਹੀ ਲਗੇ, ਜੋ ਇਸ ਗੰਭੀਰ ਮਸਲੇ ਨਾਲ ਕੀਤੀ ਗਈ ਲਾਪਰਵਾਹੀ ਨੂੰ ਦਰਸਾਉਂਦਾ ਹੈ।

ਪ੍ਰੋ. ਖਿਆਲਾ ਨੇ ਜ਼ੋਰ ਦੇ ਕੇ ਕਿਹਾ ਕਿ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਲਿਆਉਣਾ ਗ਼ਲਤ ਨਹੀਂ, ਪਰ ਇਹ ਕਾਨੂੰਨ ਪੰਜਾਬ ਦੀ ਬਹੁ-ਧਾਰਮਿਕ ਹਕੀਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਰੇ ਧਰਮਾਂ ਦੇ ਪਵਿੱਤਰ ਗ੍ਰੰਥਾਂ ਦਾ ਦਰਜਾ ਬਾ ਦਰਜਾ ਅਤੇ ਧਾਰਮਿਕ ਪ੍ਰਤੀਕਾਂ ਦੇ ਸਤਿਕਾਰ ਸਨਮਾਨ ਦੀ ਰੱਖਿਆ ਕਰੇ।

ਉਨ੍ਹਾਂ ਕਿਹਾ ਕਿ ਆਪ ਸਰਕਾਰ ਦੌਰਾਨ ਦੇ 231 ਮਾਮਲਿਆਂ ਸਮੇਤ 597 ਦਰਜ ਮਾਮਲਿਆਂ ਵਿੱਚ 480 ਸਿੱਖ ਧਰਮ, 92 ਹਿੰਦੂ ਧਰਮ, 14 ਮੁਸਲਿਮ ਅਤੇ 11 ਇਸਾਈ ਧਰਮ ਨਾਲ ਸਬੰਧਿਤ ਹਨ, ਜਿਸ ਨਾਲ ਇਹ ਸਪਸ਼ਟ ਹੁੰਦਾ ਹੈ ਕਿ ਨਵਾਂ ਕਾਨੂੰਨ ਸਭ ਧਰਮਾਂ ਲਈ ਸਮਾਨ ਸਤਿਕਾਰ ਨੂੰ ਯਕੀਨੀ ਬਣਾਉਣ ਵਾਲਾ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖ ਧਰਮ ਵਿੱਚ ਜਾਗਤ ਜੋਤ ਅਤੇ ਗੁਰਤਾ ਗੱਦੀ ਦੇ ਮਾਲਕ ਹਨ, ਉੱਥੇ ਹੀ ਹਿੰਦੂ ਧਰਮ ਵਿੱਚ ਪ੍ਰਾਣ-ਪ੍ਰਤਿਸ਼ਠਿਤ ਮੂਰਤੀਆਂ ਦਾ ਆਪਣਾ ਸਥਾਨ ਹੈ। ਸਿੱਖ ਧਰਮ ਵਿੱਚ ਬਾਕੀ ਦੇ ਧਾਰਮਿਕ ਗ੍ਰੰਥਾਂ ਤੋਂ ਇਲਾਵਾ ਧਾਰਮਿਕ ਅਸਥਾਨਾਂ ਧਾਰਮਿਕ ਸਮਗਰੀ, ਝੰਡੇ ਅਤੇ ਕਕਾਰਾਂ ਨੂੰ ਨੁਕਸਾਨ ਪਹੁੰਚਾਉਣਾ ਵੀ ਬੇਅਦਬੀ ਹੈ॥ ਉੱਥੇ ਹੀ ਹਿੰਦੂ ਧਾਰਮਿਕ ਗ੍ਰੰਥ ਸ੍ਰੀਮਦ ਭਾਗਵਤ ਗੀਤਾ, ਰਮਾਇਣ, ਕੁਰਾਨ ਸ਼ਰੀਫ ਅਤੇ ਪਵਿੱਤਰ ਬਾਈਬਲ, ਬੁੱਧ ਅਤੇ ਜੈਨ ਧਰਮ ਦੇ ਗ੍ਰੰਥ ਵੀ ਆਪਣੀ ਥਾਂ ਅਹਿਮੀਅਤ ਰੱਖਦੇ ਹਨ ਤੇ ਸਮਾਨ ਆਦਰ ਦੇ ਹੱਕਦਾਰ ਹਨ।

ਉਨ੍ਹਾਂ ਨੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ 2023 ਦਾ ਗੁਰਬਾਣੀ ਬਰਾਡਕਾਸਟ ਬਿੱਲ ਅਜੇ ਤੱਕ ਅਣਸਪਸ਼ਟ ਹੈ, 328 ਪਾਵਨ ਸਰੂਪਾਂ ਦਾ ਮਾਮਲਾ ਠੰਢੇ ਬਸਤੇ ਵਿੱਚ ਹੈ ਅਤੇ ਡੇਰਾ ਰਾਜਾ ਕਵਲ ਤੋਂ 159 ਸਰੂਪਾਂ ਦੀ ਬਰਾਮਦਗੀ ਦੇ ਮੁੱਖਮੰਤਰੀ ਵੱਲੋਂ ਕੀਤੇ ਗਏ ਦਾਅਵੇ ਵੀ ਸਰਕਾਰ ਦੇ ਮੰਤਰੀਆਂ ਵੱਲੋਂ ਹੀ ਖ਼ਾਰਜ ਕੀਤੇ ਗਏ ਹਨ।

ਉਨ੍ਹਾਂ ਨੇ ਕਿਹਾ ਕਿ ਪੰਜਾਬ 'ਚ ਧਰਮ ਪਰਿਵਰਤਨ 'ਤੇ ਕੋਈ ਕਾਨੂੰਨ ਨਹੀਂ ਲਿਆਂਦਾ ਗਿਆ ਅਤੇ ਨਾ ਹੀ ਅਨੰਦ ਮੈਰਿਜ ਐਕਟ ਨੂੰ ਲਾਗੂ ਕਰਨ ਲਈ ਗੰਭੀਰਤਾ ਦਿਖਾਈ ਗਈ ਹੈ। ਸ੍ਰੀਨਗਰ ਵਿੱਚ ਕਰਵਾਏ ਧਾਰਮਿਕ ਸਮਾਗਮ ਦੌਰਾਨ ਭੰਗੜੇ ਪਾਉਣ ਦੀਆਂ ਹੋਈਆਂ ਘਟਨਾਵਾਂ ਨੇ ਵੀ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ 24 ਘੰਟਿਆਂ ਵਿੱਚ ਬੇਅਦਬੀਆਂ 'ਤੇ ਇਨਸਾਫ਼ ਦੇਣ ਦੇ ਵਾਅਦੇ ਕੀਤੇ ਸਨ, ਪਰ ਚਾਰ ਸਾਲ ਬੀਤਣ ਦੇ ਬਾਵਜੂਦ ਵੀ ਬੇਅਦਬੀ ਮਾਮਲਿਆਂ ਵਿੱਚ ਇਨਸਾਫ਼ ਨਹੀਂ ਮਿਲ ਸਕਿਆ। ਸਵਾਲ ਇਹ ਵੀ ਉੱਠਦਾ ਹੈ ਕਿ 13 ਅਪ੍ਰੈਲ ਨੂੰ ਜੋ ਬਿਲ ਪੇਸ਼ ਕੀਤਾ ਜਾ ਰਿਹਾ ਹੈ, ਕੀ ਉਹ ਬਿੱਲ ਵੀ ਕੇਸਾਂ ਦੀ ਬੇਅਦਬੀ ਕਰਨ ਵਾਲਾ ਵਿਅਕਤੀ ਹੀ ਪੇਸ਼ ਕਰੇਗਾ?

ਪ੍ਰੋ. ਖਿਆਲਾ ਨੇ ਅੰਤ ਵਿੱਚ ਚੇਤਾਵਨੀ ਦਿੱਤੀ ਕਿ ਸਰਕਾਰ ਵੱਲੋਂ ਧਾਰਮਿਕ ਮਸਲਿਆਂ ਦਾ ਸਿਆਸੀਕਰਨ ਭਵਿੱਖ ਵਿੱਚ ਸਮਾਜਿਕ ਤਣਾਅ ਨੂੰ ਜਨਮ ਦੇ ਸਕਦਾ ਹੈ, ਜਿਸ ਲਈ ਪੰਜਾਬ ਦੇ ਲੋਕਾਂ ਨੂੰ ਸਚੇਤ ਰਹਿਣ ਦੀ ਲੋੜ ਹੈ।

# ਸੁਰਿੰਦਰ ਵਰਮਾ ਨੂੰ ਮੀਡੀਆ ਅਤੇ ਸੰਚਾਰ ਲਈ ਨੇਸ਼ਨਲ ਐਕਸੀਲੈਂਸ ਐਵਾਰਡ ਨਾਲ ਕੀਤਾ ਸਨਮਾਨਿਤ

ਫਤਿਹ ਟਾਈਮਜ਼

ਅੰਮ੍ਰਿਤਸਰ, 12 ਅਪ੍ਰੈਲ (ਪ ਪ) ਚੰਡੀਗੜ੍ਹ ਦੇ ਪ੍ਰਸਿੱਧ ਮੀਡੀਆ ਪ੍ਰੋਫੈਸ਼ਨਲ ਅਤੇ ਸਮਾਜ ਸੇਵੀ ਸੁਰਿੰਦਰ ਵਰਮਾ ਨੂੰ ਸ਼ਨੀਵਾਰ ਨੂੰ ਨਵੀਂ ਦਿੱਲੀ ਸਥਿਤ ਹਯਾਤ ਸੈਂਟ੍ਰਿਕ ਦਿੱਲੀ ਵਿੱਚ ਆਯੋਜਿਤ ਇਕ ਭਵਿਆ ਸਮਾਰੋਹ ਦੌਰਾਨ ਮੀਡੀਆ ਅਤੇ ਪਬਲਿਕ ਕਮਿਊਨੀਕੇਸ਼ਨ ਦੇ ਖੇਤਰ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਪ੍ਰਤਿਸ਼ਠਿਤ ਨੇਸ਼ਨਲ ਐਕਸੀਲੈਂਸ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਭਾਰਤ ਦੇ ਪੂਰਵ ਕ੍ਰਿਕੇਟਰ ਅਤੇ 1983 ਵਰਲਡ ਕੱਪ ਜੇਤੂ ਮਦਨ ਲਾਲ ਅਤੇ ਕੈਮਰੂਨ ਗਣਰਾਜ ਦੀ ਰਾਜਦੂਤ ਮਹਾਮਹਿਮ ਸਿਲਵੀ-ਮਿਸ਼ੇਲ ਮਪੋਂ ਟੀਕ ਮੰਬੋ ਵੱਲੋਂ ਪ੍ਰਦਾਨ ਕੀਤਾ ਗਿਆ। ਇਸ ਸਮਾਰੋਹ ਵਿੱਚ ਮੀਡੀਆ, ਕੂਟਨੀਤੀ ਅਤੇ ਵੱਖ-ਵੱਖ ਖੇਤਰਾਂ ਦੀਆਂ ਕਈ ਪ੍ਰਤਿਸ਼ਠਿਤ ਸ਼ਖਸੀਅਤਾਂ ਨੇ ਹਿੱਸਾ ਲਿਆ



ਕਾਰਜਕ੍ਰਮ ਵਿੱਚ ਅੰਤਰਰਾਸ਼ਟਰੀ ਪੱਧਰ ਦੇ ਕਈ ਮਾਣਯੋਗ ਮਹਿਮਾਨ ਵੀ ਮੌਜੂਦ ਸਨ, ਜਿਨ੍ਹਾਂ ਵਿੱਚ ਨਾਈਜਰ ਦੇ ਰਾਜਦੂਤ ਮਹਾਮਹਿਮ ਜ਼ਾਦਾ ਸੇਇਦੌ, ਚਾਡ ਦੀ ਰਾਜਦੂਤ ਮਹਾਮਹਿਮ ਇਦਿਨਜਿਲਮ ਬੱਡਾ ਮੱਲੋਟ ਅਤੇ ਟੋਗੋ ਦੇ ਰਾਜਦੂਤ ਮਹਾਮਹਿਮ ਯਾਵੋ ਏਡੇਮ ਅਕਪੇਮਾਡੋ ਸ਼ਾਮਲ ਸਨ। ਇਸ ਤੋਂ ਇਲਾਵਾ ਆਧਿਆਤਮਿਕ ਨੇਤਾ ਅਤੇ ਸਮਾਜ ਸੇਵੀ ਵਿਸ਼ਨੂ ਭਕਤ ਦਾਸ ਅਤੇ ਗਲੋਬਲ ਥਾਟ ਲੀਡਰ ਅਤੇ ਇਮੈਜਿੰਡੀ ਇੰਸਟੀਚਿਊਟ, ਨਵੀਂ ਦਿੱਲੀ ਦੀ ਸੀਨੀਅਰ ਫੈਲੋ ਪ੍ਰੋ. ਸੁਭਾ ਰਾਜਨ ਵੀ ਮੌਜੂਦ ਰਹੇ

ਨੇਸ਼ਨਲ ਐਕਸੀਲੈਂਸ ਐਵਾਰਡ ਉਹਨਾਂ ਵਿਅਕਤੀਆਂ ਨੂੰ ਸਨਮਾਨਿਤ ਕਰਦਾ ਹੈ ਜੋ ਆਪਣੇ ਖੇਤਰ ਵਿੱਚ ਉਤਕ੍ਰਿਸ਼ਟਤਾ, ਸਮਰਪਣ ਅਤੇ ਨਵੀਨਤਾ ਦੇ ਨਵੇਂ ਮਾਪਦੰਡ ਸਥਾਪਿਤ ਕਰਦੇ ਹਨ। ਸੁਰਿੰਦਰ ਵਰਮਾ ਦੇ ਕੰਮਾਂ ਨੇ ਜਨ ਸੰਚਾਰ ਨੂੰ ਮਜ਼ਬੂਤ ਕਰਨ ਅਤੇ ਜ਼ਿੰਮੇਵਾਰ ਪੱਤਰਕਾਰਿਤਾ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ ਪੱਤਰਕਾਰਿਤਾ ਦੇ ਨਾਲ-ਨਾਲ ਸੁਰਿੰਦਰ ਵਰਮਾ ਸਮਾਜਿਕ ਮਸਲਿਆਂ ਵਿੱਚ ਵੀ ਸਰਗਰਮ ਰਹੇ ਹਨ। ਉਨ੍ਹਾਂ ਨੇ ਉਪਭੋਗਤਾ ਜਾਗਰੂਕਤਾ ਅਤੇ ਹੱਕਾਂ ਨੂੰ ਵਧਾਉਣ ਦੇ ਨਾਲ-ਨਾਲ ਵਿੱਤੀ ਸਾਖਰਤਾ, ਸੁਰੱਖਿਅਤ ਨਿਵੇਸ਼ ਅਤੇ ਨਿਵੇਸ਼ਕਾਂ ਦੀ ਸੁਰੱਖਿਆ ਦੇ ਖੇਤਰ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਜਿਸ ਨਾਲ ਆਮ ਲੋਕਾਂ ਨੂੰ ਜਾਗਰੂਕ ਅਤੇ ਸਸ਼ਕਤ ਬਣਾਉਣ ਵਿੱਚ ਮਦਦ ਮਿਲੀ ਹੈ।

ਹੱਕ ਸੱਚ ਦੀ ਆਵਾਜ਼ ਫਤਿਹ ਟਾਈਮਜ਼ CHANNEL
ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜਰੂਰ ਸਬਸਕਰਾਈਬ ਕਰੋ।
ਫਤਿਹ ਟਾਈਮਜ਼ ਚੈਂਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ ਮੋ; 99885-37575

Editor,Owner and Publisher Sarbjot Singh Sandha on behalf of Fateh Times online news and media company Regd:PB22000167,Published from Fateh Times H/O Mankdeka Road , Fatehabad,(Tarntaran) 143407
ਅਦਾਲਤੀ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਪਟਾਰਾ ਕੇਵਲ ਲੋਕਲ ਸਬ ਡਵੀਜਨ ਖਡੂਰ ਸਾਹਿਬ ਵਿਖੇ ਹੀ ਹੋਵੇਗਾ।

# ਸ਼ੰਕਰਾਚਾਰੀਆ ਸੰਤ ਗਿਰਧਾਰੀ ਨਾਥ ਦਾ ਹਰਿਆਣਾ ਵਿਖੇ 6 ਮਈ ਨੂੰ ਕੀਤਾ ਜਾਵੇਗਾ ਸਵਾਗਤ



ਅੰਮ੍ਰਿਤਸਰ 12 ਅਪ੍ਰੈਲ (ਪ ਪ) ਭਗਵਾਨ ਵਾਲਮੀਕ ਤੀਰਥ ਗਿਆਨ ਆਸ਼ਰਮ ਆਦਿ ਵਾਲਮੀਕ ਸ਼ੰਕਰਾਚਾਰੀਆ ਸੰਤ ਗਿਰਧਾਰੀ ਨਾਥ ਦਾ ਵਿਸ਼ਾਲ ਭਰਵਾਂ ਸਵਾਗਤ ਪਿੰਡ ਰਾਮਪੁਰ ਥੈੜੀ ਤਹਿਸੀਲ ਰਾਣੀਆ ਜਿਲਾ ਸਿਰਸਾ ਹਰਿਆਣਾ ਵਿਖੇ ਵਿਸ਼ੇਸ਼ ਤੌਰ ਤੇ ਪੁੱਜਣ ਤੇ ਸਮੂਹ ਸਾਧ ਸੰਗਤ ਵੱਲੋਂ ਭਰਵਾਂ ਸਵਾਗਤ ਕੀਤਾ ਜਾਵੇਗਾ। ਧਾਰਮਿਕ ਪ੍ਰੋਗਰਾਮ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ 6 ਮਈ ਨੂੰ ਵਿਸ਼ਾਲ ਸੰਤ ਸੰਮੇਲਨ ਬਾਬਾ ਦਰਸ਼ਨ ਨਾਥ ਦੀ ਅਗਵਾਈ ਹੇਠ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ ਧਾਰਮਿਕ ਪ੍ਰੋਗਰਾਮ ਦੀ ਸ਼ੁਰੂਆਤ ਫੁੱਲਾਂ ਦੀ ਵਰਖਾ ਨਾਲ ਕੀਤੀ ਜਾਵੇਗੀ ਜਿਸ ਵਿੱਚ ਪੂਰੇ ਦੇਸ਼ ਵਿੱਚੋਂ ਸੰਤ ਮਹਾਂਪੁਰਸ਼ ਹਾਜ਼ਰੀਆਂ ਭਰਦਿਆਂ ਸੰਗਤਾਂ ਨੂੰ ਵਿਸ਼ਾਲ ਸੰਤ ਸੰਮੇਲਨ ਦੌਰਾਨ ਇਲਾਹੀ ਬਾਣੀ ਨਾਲ ਜੋੜਿਆ ਜਾਵੇਗਾ।

# ਸੇਰੋਂ ਖੰਡ ਮਿੱਲ ਦੀ ਜਮੀਨ ਬਚਾਉਣ ਅਤੇ ਮਿੱਲ ਚਾਲੂ ਕਰਨ ਲਈ ਸੰਘਰਸ ਤੇਜ ਕਰਨ ਦਾ ਫੈਸਲਾ



## ਜਮਹੂਰੀ ਕਿਸਾਨ ਸਭਾ ਪੰਜਾਬ ਦੀ ਜਿਲ੍ਹਾ ਕਮੇਟੀ ਦੀ ਮੀਟਿੰਗ

ਤਰਨ ਤਾਰਨ, 12 ਅਪ੍ਰੈਲ (ਐਸ ਐਸ ਸੰਧਾ) ਜਮਹੂਰੀ ਕਿਸਾਨ ਸਭਾ ਪੰਜਾਬ ਦੀ ਜਿਲ੍ਹਾ ਕਮੇਟੀ ਦੀ ਮੀਟਿੰਗ ਜਿਲ੍ਹਾ ਪਰਧਾਨ ਮਨਜੀਤ ਸਿੰਘ ਬੱਗੂ ਦੀ ਪਰਧਾਨਗੀ ਹੇਠ ਹੋਈ ਙਮੀਟਿੰਗ ਦੇ ਫੈਸਲੇ ਪਰੈਸ ਨੂੰ ਜਾਰੀ ਕਰਦਿਆਂ ਜਿਲ੍ਹਾ ਸਕੱਤਰ ਦਲਜੀਤ ਸਿੰਘ ਦਿਆਲਪੁਰਾ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਜਿਲੇ ਇੱਕੋ ਕੋ ਅਪਰੇਟਿਵ ਸੂਗਰ ਮਿੱਲ ਸੇਰੋ ਦੀ ਜਮੀਨ ਨੂੰ ਖੁਰਦ ਬੁਰਦ ਕਰਨ ਅਤੇ ਮਿੱਲ ਦੀ ਮਸੀਨਰੀ ਵੇਚਣ ਦੀਆਂ ਕੋਝੀਆ ਚਾਲਾਂ ਚੱਲ ਰਹੀ ਹੈਙਇਸ ਵਿਰੁੱਧ ਸਯੁਕਤ ਕਿਸਾਨ ਮੋਰਚਾ ਦੀ ਅਗਵਾਈ ਹੇਠ ਸਰਕਾਰ ਦੇ ਲੋਕ ਵਿਰੋਧੀ ਚਿਹਰੇ ਨੂੰ ਨੰਗਿਆ ਕਰਨ ਲਈ ਪਿੰਡਾਂ ਵਿੱਚ ਜਥਾ ਮਾਰਚ ਕੀਤਾ ਜਾਵੇਗਾ ਅਤੇ ਭਗਵੰਤ ਸਿੰਘ ਮਾਨ ਸਰਕਾਰ ਦੇ ਪੁਤਲੇ ਫੂਕੇ ਜਾਣਗੇ। 16 ਅਪਰੈਲ ਨੂੰ ਡੀ ਸੀ ਤਰਨਤਾਰਨ ਨੂੰ ਮਾਸ ਡੈਪਟੇਸਨ ਮਿਲੇਗਾ। ਮੀਟਿੰਗ ਵਿੱਚ ਪਾਸ ਕੀਤੇ ਮਤੇ ਰਾਹੀਂ ਬੇ ਮੌਸਮੀ ਬਾਰਸ ਅਤੇ ਗੜਿਆਂ ਨਾਲ ਨੁਕਸਾਨੀਆਂ ਫਸਲਾਂ ਲਈ ਫੌਰੀ ਮੁਆਵਜਾ ਦੇਣ ਦੀ ਮੰਗ ਕੀਤੀ ਗਈ ਙ ਮੀਟਿੰਗ ਨੂੰ ਸੂਬਾ ਪਰਧਾਨ ਡਾ ਸਤਨਾਮ ਸਿੰਘ ਅਜਨਾਲਾ ਨੇ ਸਬੋਧਨ ਕਰਦਿਆਂ ਕਿਹਾ ਕੇ ਕੇਂਦਰ ਦੀ ਮੋਦੀ ਸਰਕਾਰ ਸਾਮਰਾਜੀ ਅਮਰੀਕਾ ਦੇ ਰਾਸਟਪਤੀ ਡੋਨਾਲਡ ਟਰੰਪ ਅੱਗੇ ਗੋਡੇ ਟੇਕ ਕੇ ਕੀਤੇ ਸਮਝੌਤਿਆਂ ਨਾਲ ਕਿਸਾਨੀ ਅਤੇ ਛੋਟੀਆਂ ਸਨਅਤਾਂ ਦੀ ਕੁਰਬਾਨੀ ਹੀ ਨਹੀਂ ਦਿੱਤੀ ਸਗੋਂ ਦੇਸ ਦੀ ਪਰੱਭੂ ਸੱਤਾ ਵੀ ਗਹਿਣੇ ਧਰ ਦਿੱਤੀ ਹੈ। ਓਹਨਾਂ ਪੰਜਾਬ ਸਰਕਾਰ ਵੱਲੋਂ ਬਾਰ ਬਾਰ ਜਮੀਨਾਂ ਤੇ ਹੱਲੇ ਕਰਨ ਅਤੇ ਸਰਕਾਰੀ ਜਮੀਨਾਂ ਵੇਚਣ ਦੇ ਰਾਹ ਪਈ ਹੈ ਙਅਤੇ ਫਸਲੀ ਵਿਭਨਤਾ ਲਈ ਜਰੂਰੀ, ਵਾਤਾਵਰਨ ਪੱਖੀ, ਅਤੇ ਲੋਕਾਂ ਨੂੰ ਰੋਜਗਾਰ ਦਿੰਦੀ ਸੇਰੋਂ ਖੰਡ ਉਜਾੜ ਰਹੀ ਹੈ ਅਤੇ ਕਿਸਾਨਾਂ ਤੋਂ ਕੌਡੀਆ ਦੇ ਭਾਅ ਲਈ ਕਰੋੜਾਂ ਦੀ ਜਮੀਨ ਹਥਿਆਈ ਜਾ ਰਹੀ ਹੈ ਙਉਹਨਾਂ ਕਿਹਾ ਕੇ ਸਰਕਾਰ ਦੇ ਭੈੜੇ ਮਨਸੂਬਿਆਂ ਨੂੰ ਭਾਜ ਦੇਣ ਲਈ ਲੜੇ ਜਾ ਰਹੇ ਸੰਘਰਸ਼ ਦੀ ਸਾਰੇ ਪੰਜਾਬ ਵਿੱਚੋ ਹਮਾਇਤ ਕੀਤੀ ਜਾਵੇਗੀ ੴਇਸ ਮੌਕੇ ਹੋਰਨਾਂ ਤੋਂ ਇਲਾਵਾ ਰੇਸਮ ਸਿੰਘ ਫੇਲੋਕੇ, ਦਾਰਾ ਸਿੰਘ ਮੁੰਡਾ ਪਿੰਡ, ਬਲਦੇਵ ਸਿੰਘ ਕੱਲਾ, ਹਰਭਜਨ ਸਿੰਘ ਚੂਸਲੇਵੜ, ਝਿਲਮਿਲ ਸਿੰਘ ਬਾਣੀਆ, ਜਗੀਰ ਸਿੰਘ ਗੰਡੀਵਿੰਡ, ਸਲੱਖਣ ਸਿੰਘ ਤੁੜ ਆਦਿ ਆਗੂਆਂ ਸਬੋਧਨ ਕੀਤਾ।

**ਲੇਖ ਅਤੇ ਕਵਿਤਾਵਾਂ ਵਿਚਲੇ ਵਿਚਾਰ ਲੇਖਕ ਜਾਂ ਕਵੀ ਦੇ ਨਿੱਜੀ ਵਿਚਾਰ ਹਨ ਜਿਸ ਨਾਲ ਅਦਾਰਾ ਫਤਿਹ ਟਾਈਮਜ਼ ਦੇ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ।**

# ਦਿਮਾਗ ਅਤੇ ਦਿਲ, ਸਿਹਤ ਨੂੰ ਪਰਿਭਾਸ਼ਿਤ ਕਰਨ ਵਾਲਾ ਜੀਵਨ-ਰੇਖਾ ਸੰਬੰਧ



(ਲੜੀਵਾਰ ਲੇਖ ਕਿਸ਼ਤ 1) ਮਨੁੱਖੀ ਸਰੀਰ ਇੱਕ ਜਟਿਲ ਰਚਨਾ ਹੈ ਅਤੇ ਇਹ ਵੱਖ-ਵੱਖ ਹਿੱਸਿਆਂ ਵਾਂਗ ਨਹੀਂ, ਸਗੋਂ ਇੱਕ ਇਕਾਈ ਵਜੋਂ ਕੰਮ ਕਰਦਾ ਹੈ। ਇਸ ਦੀਆਂ ਸਭ ਤੋਂ ਮਹੱਤਵਪੂਰਨ ਸਾਂਝਾਂ ਵਿੱਚੋਂ ਇੱਕ ਦਿਮਾਗ ਅਤੇ ਦਿਲ ਦਾ ਸੰਬੰਧ ਹੈ। ਆਧੁਨਿਕ ਵਿਗਿਆਨ ਨੇ ਹੁਣ ਮਜ਼ਬੂਤੀ ਨਾਲ ਇਹ ਸਾਬਤ ਕਰ ਦਿੱਤਾ ਹੈ ਕਿ ਦਿਮਾਗ ਅਤੇ ਦਿਲ ਲਗਾਤਾਰ ਇੱਕ ਦੂਜੇ ਨਾਲ ਸੰਚਾਰ ਕਰਦੇ ਹਨ ਅਤੇ ਇਕ ਦੂਜੇ ਨੂੰ ਸ਼ਕਤੀਸ਼ਾਲੀ ਢੰਗ ਨਾਲ ਪ੍ਰਭਾਵਿਤ ਕਰਦੇ ਹਨ।

ਦਿਮਾਗ ਅਤੇ ਦਿਲ ਕਿਵੇਂ ਜੁੜੇ ਹੋਏ ਹਨ?

ਦਿਮਾਗ ਅਤੇ ਦਿਲ ਇੱਕ ਜਟਿਲ ਜਾਲ ਰਾਹੀਂ ਜੁੜੇ ਹੋਏ ਹਨ ਜਿਸਨੂੰ ਨਿਊਰੋਕਾਰਡਿਯਕ ਐਕਸਿਸ ਕਿਹਾ ਜਾਂਦਾ ਹੈ। ਇਹ ਸੰਬੰਧ ਹੇਠਾਂ ਦਿੱਤੇ ਤਰੀਕਿਆਂ ਨਾਲ ਕੰਮ ਕਰਦਾ ਹੈ:

ਨਰਵਸ ਸਿਸਟਮ ਰਾਹੀਂ ਸੰਚਾਰ

ਦਿਮਾਗ ਦਿਲ ਨੂੰ ਆਟੋਨਾਮਿਕ ਨਰਵਸ ਸਿਸਟਮ ਰਾਹੀਂ ਨਿਯੰਤਰਿਤ ਕਰਦਾ ਹੈ, ਜਿਸਦੇ ਦੋ ਮੁੱਖ ਭਾਗ ਹਨ:

ਸਿੰਪੈਥੈਟਿਕ ਸਿਸਟਮ – ਤਣਾਅ ਦੇ ਸਮੇਂ ਦਿਲ ਦੀ ਧੜਕਣ ਵੱਧਾਉਂਦਾ ਹੈ (ਲੜੋ ਜਾਂ ਭੱਜੋ ਵਾਲੀ ਪ੍ਰਤੀਕਿਰਿਆ)

ਪੈਰਾ-ਸਿੰਪੈਥੈਟਿਕ ਸਿਸਟਮ – ਆਰਾਮ ਦੇ ਸਮੇਂ ਦਿਲ ਦੀ ਧੜਕਣ ਘੱਟਾਉਂਦਾ ਹੈ (ਆਰਾਮ ਕਰੋ ਅਤੇ ਪਚਾਓ)

ਵੇਗਸ ਨਰਵ ਇੱਥੇ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ, ਜੋ ਦਿਮਾਗ ਅਤੇ ਦਿਲ ਵਿਚਕਾਰ ਸਿੱਧਾ ਸੰਚਾਰ ਮਾਧਿਅਮ ਹੈ।

ਹਾਰਮੋਨਲ ਸੰਕੇਤ

ਦਿਮਾਗ ਐਡ੍ਰੀਨਲਿਨ ਅਤੇ ਕਾਰਟੀਸੋਲ ਵਰਗੇ ਹਾਰਮੋਨ ਛੱਡਦਾ ਹੈ, ਜੋ ਸਿੱਧੇ ਤੌਰ 'ਤੇ ਦਿਲ ਦੀ ਧੜਕਣ, ਖੂਨ ਦਾ ਦਬਾਅ ਅਤੇ ਖੂਨ ਦੀ ਗਤੀ 'ਤੇ ਅਸਰ ਪਾਉਂਦੇ ਹਨ।

ਖੂਨ ਦੀ ਆਵਾਜਾਈ 'ਤੇ ਨਿਰਭਰਤਾ

ਦਿਮਾਗ ਦਿਲ 'ਤੇ ਨਿਰਭਰ ਕਰਦਾ ਹੈ ਜੋ ਆਕਸੀਜ਼ਨ-ਭਰਪੂਰ ਖੂਨ ਪੰਪ ਕਰਦਾ ਹੈ। ਖੂਨ ਦੀ ਸਪਲਾਈ ਵਿੱਚ ਥੋੜ੍ਹੀ ਵੀ ਰੁਕਾਵਟ ਮਿੰਟਾਂ ਵਿੱਚ ਦਿਮਾਗੀ ਕੋਸ਼ਿਕਾਵਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

ਜਦੋਂ ਇੱਕ ਅੰਗ ਅਸਿਹਤਮੰਦ ਹੋਵੇ ਤਾਂ ਕੀ ਹੁੰਦਾ ਹੈ?

ਜੇ ਦਿਲ ਅਸਿਹਤਮੰਦ ਹੋਵੇ

ਉੱਚ ਖੂਨ ਦਾ ਦਬਾਅ, ਦਿਲ ਦਾ ਦੌਰਾ ਜਾਂ ਅਨਿਯਮਿਤ ਧੜਕਣ ਵਰਗੀਆਂ ਸਮੱਸਿਆਵਾਂ ਦਿਮਾਗ ਨੂੰ ਖੂਨ ਦੀ ਸਪਲਾਈ ਘੱਟਾ ਸਕਦੀਆਂ ਹਨ, ਜਿਸ ਨਾਲ ਸਟ੍ਰੋਕ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਨਾਲ ਯਾਦਦਾਸ਼ਤ ਘੱਟ ਸਕਦੀ ਹੈ ਜਾਂ ਸੋਚਣ ਦੀ ਸਮਰੱਥਾ ਪ੍ਰਭਾਵਿਤ ਹੋ ਸਕਦੀ ਹੈ। ਕਮਜ਼ੋਰ ਦਿਲ ਚੱਕਰ, ਘਬਰਾਹਟ ਜਾਂ ਬੇਹੋਸ਼ੀ ਦਾ ਕਾਰਣ ਬਣ ਸਕਦਾ ਹੈ।

ਜੇ ਦਿਮਾਗ ਅਸਿਹਤਮੰਦ ਹੋਵੇ

ਤਣਾਅ, ਚਿੰਤਾ ਜਾਂ ਡਿਪ੍ਰੈਸ਼ਨ ਵਰਗੀਆਂ ਮਨੋਵਿਗਿਆਨਕ ਸਮੱਸਿਆਵਾਂ ਦਿਲ ਦੀ ਧੜਕਣ ਅਤੇ ਖੂਨ ਦਾ ਦਬਾਅ (ਚਲਦਾ)



ਲੇਖਕ:
ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

# ਏਆਈ ਹੈਲੂਸੀਨੇਸ਼ਨ ਅਤੇ ਧਾਰਮਿਕ ਗ੍ਰੰਥਾਂ ਦੀ ਪ੍ਰਮਾਣਿਕਤਾ

## ਡਿਜ਼ੀਟਲ ਯੁੱਗ ਦੀ ਨਵੀਂ ਚੁਣੌਤੀ : ਗੁਰਬਾਣੀ ਦੇ ਹਵਾਲਿਆਂ ਵਿਚ ਏਆਈ ਦਾ ਸੀਮਾ ਨਿਰਧਾਰਣ ਕਰਨਾ ਜਰੂਰੀ




(ਲੜੀਵਾਰ ਲੇਖ ਕਿਸ਼ਤ 2) ਹੈ, ਤਾਂ ਸੰਭਾਵਨਾ ਰਹਿੰਦੀ ਹੈ ਕਿ ਬਾਣੀ ਦਾ ਸ਼ਬਦ ਕ੍ਰਮ ਥੋੜ੍ਹਾ ਬਦਲ ਜਾਵੇ, ਦੋ ਵੱਖਰੀਆਂ ਪੰਗਤੀਆਂ ਮਿਲ ਕੇ ਆ ਜਾਣ, ਅਨੁਵਾਦ ਨੂੰ ਅਸਲੀ ਮੂਲ ਪਾਠ ਸਮਝ ਲਿਆ ਜਾਵੇ। ਇਸ ਤਰ੍ਹਾਂ ਵੀ ਹੋ ਸਕਦਾ ਹੈ ਕਿ ਅੰਗ/ਅਧਿਆਇ ਦੀ ਗਲਤ ਜਾਣਕਾਰੀ ਆ ਜਾਵੇ, ਅਜਿਹੀ ਸਥਿਤੀ ਵਿਚ ਅਗਰ ਕਿਹਾ ਜਾਵੇ ਕਿ ਅਜਿਹਾ ਹੋਣ ਨਾਲ ਧਾਰਮਿਕ ਗ੍ਰੰਥਾਂ ਅਤੇ ਗੁਰਬਾਣੀ ਦੇ ਨਾਲ-ਨਾਲ ਇਤਿਹਾਸਕ ਗ੍ਰੰਥਾਂ ਦੇ ਬਾਰੇ ਵੀ ਗਲਤਫਹਿਮੀਆਂ ਪੈਦਾ ਹੋ ਜਾਣਗੀਆਂ, ਤਾਂ ਇਹ ਅਤਿਕਥਨੀ ਨਹੀਂ ਹੋਵੇਗੀ, ਬਲਕਿ ਅਜਿਹਾ ਹੋਣਾ ਖਤਰਨਾਕ ਹੈ। ਸਿੱਖ ਧਰਮ ਵਿੱਚ ਗੁਰਬਾਣੀ ਦੀ ਪਵਿੱਤਰਤਾ ਅਤੇ ਪ੍ਰਮਾਣਿਕਤਾ ਦੀ ਸੰਭਾਲ ਲਈ ਬਹੁਤ ਸਖ਼ਤ ਮਰਿਆਦਾਵਾਂ ਬਣਾਈਆਂ ਗਈਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਰਫ਼ ਇੱਕ ਧਾਰਮਿਕ ਗ੍ਰੰਥ ਨਹੀਂ, ਸਗੋਂ ਸਿੱਖਾਂ ਲਈ ਜੀਵੰਤ ਆਧਿਆਤਮਿਕ ਗੁਰੂ ਦਾ ਦਰਜਾ ਰੱਖਦਾ ਹੈ। ਇਸ ਕਾਰਨ ਗੁਰਬਾਣੀ ਦੀ ਲਿਖਤ, ਛਪਾਈ ਅਤੇ ਪਾਠ ਲਈ ਖਾਸ ਨਿਯਮ ਬਣਾਏ ਗਏ ਹਨ ਤਾਂ ਜੋ ਇਸ ਵਿੱਚ ਕੋਈ ਵੀ ਤਬਦੀਲੀ ਜਾਂ ਗਲਤੀ ਨਾ ਆ ਸਕੇ। ਗੁਰਬਾਣੀ ਦੇ ਹਰ ਅੱਖਰ ਅਤੇ ਹਰ ਉਚਾਰਨ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਸਿੱਖ ਪਰੰਪਰਾ ਵਿੱਚ ਇਹ ਵੀ ਜ਼ੋਰ ਦਿੱਤਾ ਜਾਂਦਾ ਹੈ ਕਿ ਗੁਰਬਾਣੀ ਦੇ ਹਵਾਲੇ ਹਮੇਸ਼ਾਂ ਪ੍ਰਮਾਣਿਕ ਸਰੋਤਾਂ ਤੋਂ ਹੀ ਦਿੱਤੇ ਜਾਣ। ਇਸ ਵਿੱਚ ਮਾਨਤਾ ਪ੍ਰਾਪਤ ਪ੍ਰਕਾਸ਼ਨ, ਅਧਿਕਾਰਤ ਸੰਸਥਾਵਾਂ ਅਤੇ ਧਾਰਮਿਕ ਵਿਦਵਾਨਾਂ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਡਿਜ਼ਿਟਲ ਯੁੱਗ ਵਿੱਚ ਜਦੋਂ ਲੋਕ ਜਾਣਕਾਰੀ ਲਈ ਇੰਟਰਨੈੱਟ ਅਤੇ ਏਆਈ ਉੱਤੇ ਨਿਰਭਰ ਹੋ ਰਹੇ ਹਨ, ਤਾਂ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਗੁਰਬਾਣੀ ਨਾਲ ਸੰਬੰਧਿਤ ਜਾਣਕਾਰੀ ਦੀ ਜਾਂਚ ਕੀਤੀ ਜਾਵੇ ਅਤੇ ਉਸਦੀ ਪ੍ਰਮਾਣਿਕਤਾ ਨੂੰ ਯਕੀਨੀ ਬਣਾਇਆ ਜਾਵੇ।

"ਏਆਈ ਹੈਲੂਸੀਨੇਸ਼ਨ" ਦੀ ਸਮੱਸਿਆ ਸਿਰਫ਼ ਸਿੱਖ ਧਰਮ ਤੱਕ ਸੀਮਿਤ ਨਹੀਂ ਹੈ ਬਲਕਿ ਵਿਸ਼ਵ ਪੱਧਰ 'ਤੇ ਧਾਰਮਿਕ ਗ੍ਰੰਥਾਂ ਲਈ ਚੁਣੌਤੀ ਪੈਦਾ ਹੋ ਗਈ ਹੈ। ਦੁਨੀਆ ਦੇ ਹੋਰ ਧਾਰਮਿਕ ਗ੍ਰੰਥਾਂ ਦੇ ਸੰਦਰਭ ਵਿੱਚ ਵੀ ਇਸ ਤਰ੍ਹਾਂ ਦੀਆਂ ਗਲਤੀਆਂ ਦੇਖੀਆਂ ਜਾ ਸਕਦੀਆਂ ਹਨ। ਜਿਸ ਵਿਚ ਉਦਾਹਰਨ ਵਜੋਂ: ਭਾਗਵਤ ਗੀਤਾ ਦੇ ਸਲੋਕਾਂ ਦੀ ਗਲਤ ਸੰਖਿਆ ਜਾਂ ਗਲਤ ਅਨੁਵਾਦ ਦਿੱਤਾ ਜਾ ਸਕਦਾ ਹੈ। ਪਵਿੱਤਰ ਕੁਰਾਨ ਦੀਆਂ ਆਯਤਾਂ ਦਾ ਅਧੂਰਾ ਜਾਂ ਗਲਤ ਹਵਾਲਾ ਦਿੱਤਾ ਜਾ ਸਕਦਾ ਹੈ। ਪਵਿੱਤਰ ਬਾਈਬਲ ਦੀਆਂ ਆਯਤਾਂ ਨੂੰ ਗਲਤ ਅਧਿਆਇ ਨਾਲ ਜੋੜਿਆ ਜਾ ਸਕਦਾ ਹੈ। ਇਹ ਸਭ ਉਦਾਹਰਨ ਦਰਸਾਉਂਦੀਆਂ ਹਨ ਕਿ ਏਆਈ ਹੈਲੂਸੀਨੇਸ਼ਨ ਇੱਕ ਵਿਸ਼ਵ ਪੱਧਰੀ ਤਕਨੀਕੀ ਚੁਣੌਤੀ ਬਣ ਸਕਦੀ ਹੈ, ਖ਼ਾਸ ਕਰਕੇ ਜਦੋਂ ਗੱਲ ਧਾਰਮਿਕ ਗ੍ਰੰਥਾਂ ਦੀ ਆਉਂਦੀ ਹੈ ਤਾਂ ਏਆਈ ਤੋਂ ਮਿਲਣ ਵਾਲੇ ਨਤੀਜਿਆਂ ਨਾਲ ਧਾਰਮਿਕ ਅਧਿਕਾਰਤਾ ਉੱਤੇ ਪ੍ਰਭਾਵ ਪੈਣੇ ਸੁਭਾਵਿਕ ਹੋ ਸਕਦੇ ਹਨ ਅਤੇ ਜੇ ਏਆਈ ਦੁਆਰਾ ਤਿਆਰ ਹਵਾਲੇ ਗਲਤ ਸਾਬਤ ਹੋਣ ਲੱਗ ਜਾਣ, ਤਾਂ ਸੰਸਥਾਗਤ ਧਾਰਮਿਕ ਅਧਿਕਾਰਤਾ ਅਤੇ ਧਾਰਮਿਕ ਅਕੀਦਿਆਂ ਨੂੰ ਨੁਕਸਾਨ ਪਹੁੰਚ ਸਕਦਾ ਹੈ। ਧਾਰਮਿਕ ਗ੍ਰੰਥਾਂ ਅਤੇ ਬਾਣੀ ਨਾਲ ਸਬੰਧਤ ਡਿਜ਼ੀਟਲ ਗਲਤ-ਜਾਣਕਾਰੀ, ਗਲਤ ਹਵਾਲੇ ਸੋਸ਼ਲ ਮੀਡੀਆ ਰਾਹੀਂ ਤੇਜ਼ੀ ਨਾਲ ਫੈਲਣਗੇ, ਜਿਸ ਨਾਲ ਗਲਤ ਧਾਰਮਿਕ ਧਾਰਣਾਵਾਂ ਬਣ ਸਕਦੀਆਂ ਹਨ। ਨਵੀਂ ਪੀੜ੍ਹੀ ਉੱਤੇ ਇਸਦੇ ਪ੍ਰਭਾਵਾਂ ਦੀ ਜੇ ਗੱਲ ਕਰੀਏ ਤਾਂ, ਯੁਵਾ ਵਰਗ ਡਿਜ਼ੀਟਲ ਸਰੋਤਾਂ ਉੱਤੇ ਨਿਰਭਰ ਹੈ ਅਤੇ ਡਿਜੀਟਲ ਤਰੀਕਿਆਂ ਦੀ ਵਰਤੋਂ ਨਾਲ ਹੀ ਕਿਸੇ ਪ੍ਰਕਾਰ ਦੀ ਜਾਣਕਾਰੀ ਲੈਣੀ ਉਚਿੱਤ ਸਮਝਦੇ ਹਨ। ਜੇ ਧਾਰਮਿਕ ਜਾਣਕਾਰੀ ਦੇ ਸਰੋਤ ਪ੍ਰਮਾਣਿਤ ਨਾ ਹੋਣ, ਤਾਂ ਧਾਰਮਿਕ ਸਿੱਖਿਆ ਦੀ ਗਹਿਰਾਈ ਪ੍ਰਭਾਵਿਤ ਹੋਵੇਗੀ, ਇਹ ਤਾਂ ਲਾਜ਼ਮੀ ਹੈ। ਕਿਸੇ ਧਰਮ ਬਾਰੇ ਗਲਤ ਜਾਣਕਾਰੀ ਅਤੇ ਅਧੂਰੀ ਜਾਣਕਾਰੀ ਮਿਲਣ ਦੇ ਕਾਰਨ ਅੰਤਰ-ਧਾਰਮਿਕ ਸੰਵੇਦਨਸ਼ੀਲਤਾ ਤਾਂ ਪੈਦਾ ਹੋਵੇਗੀ ਹੀ, ਅਜਿਹੀਆਂ ਗਲਤ ਉਦਾਹਰਣਾਂ ਨਾਲ ਅਣਚਾਹੇ ਵਿਵਾਦ ਜਾਂ ਗਲਤਫਹਿਮੀਆਂ ਵੀ ਪੈਦਾ ਹੋ ਸਕਦੀਆਂ ਹਨ। ਧਾਰਮਿਕ ਸੰਸਥਾਵਾਂ ਅਤੇ ਇਸ ਤਕਨਾਲੋਜੀ ਨੂੰ ਸਮਝਣ ਅਤੇ ਇਸ ਉੱਪਰ ਕੰਮ ਕਰਨ ਵਾਲੇ ਵਿਦਵਾਨਾਂ ਦੀ ਨੈਤਿਕ ਅਤੇ ਸੰਸਥਾਗਤ ਜ਼ਿੰਮੇਵਾਰੀ ਹੈ ਕਿ ਏਆਈ ਨੂੰ ਸਹਾਇਕ ਸਾਧਨ ਤੱਕ ਸੀਮਿਤ ਰੱਖਿਆ ਜਾਵੇ, ਅਧਿਕਾਰਤ ਪ੍ਰਕਾਸ਼ਨਾਂ ਤੋਂ ਹੀ ਮੂਲ ਪਾਠ ਦੀ ਪੁਸ਼ਟੀ ਕੀਤੀ ਜਾਵੇ, ਇਸ ਤਕਨੀਕ ਦੀ ਮਦਦ ਨਾਲ ਡਿਜ਼ੀਟਲ ਧਾਰਮਿਕ ਸਿੱਖਿਆ ਲਈ ਮਿਆਰੀ ਦਿਸ਼ਾ-ਨਿਰਦੇਸ਼ ਬਣਾਏ ਜਾਣ, ਏਆਈ ਦੀ ਉਪਯੋਗਤਾ ਸੰਬੰਧੀ ਨੈਤਿਕ ਸਿਸਟਮ ਜਾਂ ਇਸਦੀ ਵਰਤੋਂ (ਚਲਦਾ)



ਲੇਖਕ:
ਬਿਕਰਮਜੀਤ ਸਿੰਘ,
ਸ੍ਰੀ ਅੰਮ੍ਰਿਤਸਰ ਸਾਹਿਬ
ਮੋਬ: 98148-98937

# ਹਲਕਾ ਖਡੂਰ ਸਾਹਿਬ ਦੇ ਹਰ ਵਰਗ ਨੂੰ ਨਾਲ ਲੈਕੇ ਚੱਲਾਂਗੇ: ਪ੍ਰੋ ਹਰਪ੍ਰੀਤ ਸਿੰਘ ਕੋਟ ਮੁੰਹਮਦ ਖਾਂ




ਖਡੂਰ ਸਾਹਿਬ, 12 ਅਪ੍ਰੈਲ (ਐਸ ਐਸ ਸੰਧਾ) ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਜਿਉ ਜਿਉ ਨੇੜੇ ਆ ਰਹੀਆਂ ਹਨ ਹਰ ਪਾਰਟੀ ਨੇ ਆਪਣੀਆਂ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਹਨ। ਹਲਕਾ ਖਡੂਰ ਸਾਹਿਬ ਵਿੱਚ ਵੀ ਸਰਗਰਮੀਆਂ ਦਾ ਦੌਰ ਤੇਜ਼ ਹੋ ਗਿਆ ਹੈ। ਪ੍ਰੋ ਹਰਪ੍ਰੀਤ ਸਿੰਘ ਕੋਟ ਮੁੰਹਮਦ ਖਾਂ ਨੇ ਵੀ ਆਪਣੀਆਂ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਹਨ। ਉਹਨਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਹਰ ਰੋਜ਼ ਹਲਕੇ ਦੇ ਪਿੰਡਾਂ ਵਿੱਚ ਮੀਟਿੰਗਾਂ ਕਰ ਰਹੇ ਹਨ ਉਹਨਾਂ ਨੂੰ ਹਰ ਵਰਗ ਵਲੋਂ ਪੂਰਾਂ ਸਹਿਯੋਗ ਦਿੱਤਾ ਜਾ ਰਿਹਾ ਹੈ। ਪਿੰਡੋ ਪਿੰਡ ਹਲਕੇ ਦੇ ਲੋਕਾਂ ਵਿੱਚ ਭਾਈ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਲੋਕ ਪੜੇ ਲਿਖੇ ਅਤੇ ਲੋਕਾਂ ਦੇ ਦੁੱਖ ਸੁੱਖ ਵਿੱਚ ਖੜ੍ਹਨ ਵਾਲੇ ਆਗੂ ਨੂੰ ਪਸੰਦ ਕਰ ਰਹੇ ਹਨ। ਉਹਨਾਂ ਦੱਸਿਆ ਕਿ ਪਿਛਲੇ ਦਿਨਾਂ ਵਿੱਚ ਵੀ ਵੱਖ ਵੱਖ ਜੱਥੇਬੰਦੀਆਂ ਵੱਲੋਂ ਅਤੇ ਆਮ ਲੋਕਾਂ ਵਲੋਂ ਸਨਮਾਨਿਤ ਕੀਤਾ। ਸਾਡੀ ਟੀਮ ਦਿਨ ਰਾਤ ਲੋਕਾਂ ਵਿੱਚ ਹਾਜ਼ਰ ਰਹਿ ਕੇ ਅਸੀਂ ਆਮ ਲੋਕਾਂ ਦੀਆਂ ਸਮੱਸਿਆਂਵਾਂ ਦਾ ਹੱਲ ਕਰ ਰਹੀ ਹੈ। ਸਾਡਾ ਮੁੱਖ ਮਕਸਦ ਲੋਕਾਂ ਦੀ ਸੇਵਾ ਕਰਨਾ ਹੈ। ਅਸੀਂ ਲੋਕ ਸੇਵਾ ਵਿੱਚ ਹਮੇਸ਼ਾ ਹਾਜ਼ਰ ਹਾਂ ਤੇ ਰਹਾਂਗੇ ਲੋਕਾਂ ਵਲੋਂ ਮਿਲਦਾ ਪਿਆਰ ਸਤਿਕਾਰ ਸਾਡੀ ਟੀਮ ਦੀ ਤਾਕਤ ਹੈ।

# ਭਾਰਤ ਵਿਕਾਸ ਪ੍ਰੀਸ਼ਦ ਛੇਹਰਟਾ ਅੰਮ੍ਰਿਤਸਰ ਵਲੋਂ ਇੰਜ਼ ਦਲਜੀਤ ਸਿੰਘ ਕੋਹਲੀ ਸਨਮਾਨਿਤ ਅਤੇ ਸ਼੍ਰੀਮਤੀ ਜੋਤੀ ਨੂੰ ਵ੍ਹੀਲ ਚੇਅਰ ਦਿਤੀ ਗਈ : ਜਨਕ ਜੋਸ਼ੀ ਪ੍ਰਧਾਨ



ਅੰਮ੍ਰਿਤਸਰ, 12 ਅਪ੍ਰੈਲ (ਪ ਪ) ਭਾਰਤ ਵਿਕਾਸ ਪ੍ਰੀਸ਼ਦ ਛੇਹਰਟਾ ਅੰਮ੍ਰਿਤਸਰ ਦੀ ਜਨਰਲ ਸਕੱਤਰ ਡੌਲੀ ਭਾਟਿਆ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕਿਹਾ ਕਿ ਖੰਡਵਾਲਾ ਚੋਂਕ ਵਿਖੇ ਭਾਰਤ ਵਿਕਾਸ ਪ੍ਰੀਸ਼ਦ ਛੇਹਰਟਾ ਅੰਮ੍ਰਿਤਸਰ ਵਲੋਂ ਐਮ ਸੀ ਐਕਸ ਹੋਟਲ ਵਿੱਚ ਮੈਡਮ ਜਨਕ ਜੋਸ਼ੀ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ। ਇਸ ਮੀਟਿੰਗ ਸ਼ਾਮਲ ਹੋਣ ਲਈ ਸਪੈਸ਼ਲ ਪਹੁੰਚੇ ਪ੍ਰੀਸ਼ਦ ਦੇ ਸੂਬਾ ਪ੍ਰਧਾਨ ਸ੍ਰੀ ਰਾਜੇਸ਼ ਪ੍ਰਭਾਕਰ ਨੇ ਪ੍ਰੀਸ਼ਦ ਦੇ ਫੈਸਲੇ ਅਨੁਸਾਰ ਮੈਂਬਰਾਂ ਨਾਲ ਮਿਲਕੇ ਇੰਜ ਦਲਜੀਤ ਸਿੰਘ ਕੋਹਲੀ ਨੂੰ ਉਨ੍ਹਾਂ ਦੀਆਂ ਵਾਤਾਵਰਨ ਅਤੇ ਪਾਣੀ ਬਚਾਉਣ ਲਈ ਕੀਤੀਆਂ ਸੇਵਾਵਾਂ ਅਤੇ ਉਨ੍ਹਾਂ ਵਲੋਂ ਆਪਣੀ ਟੀਮ ਨਾਲ ਮਿਲਕੇ ਵਿਸ਼ੇਸ਼ ਕਰਕੇ ਅਮ੍ਰਿਤਸਰ ਤੇ ਅਮ੍ਰਿਤਸਰ ਦੇ ਆਲੇ ਦੁਆਲੇ ਲਗਾਏ ਗਏ 30-32 ਮਿੰਨੀ ਜੰਗਲਾਂ ਨੂੰ ਮੁੱਖ ਰੱਖਦਿਆਂ ਸਨਮਾਨਿਤ ਕੀਤਾ ਗਿਆ। ਸੂਬਾ ਪ੍ਰਧਾਨ ਸ੍ਰੀ ਪ੍ਰਭਾਕਰ ਵੱਲੋਂ ਮੀਟਿੰਗ ਵਿੱਚ ਵਿਕਾਸ ਪ੍ਰੀਸ਼ਦ ਲਈ ਨਵੀਂ ਕਾਰਜਕਾਰਨੀ ਦੇ ਗਠਨ ਦਾ ਐਲਾਨ ਕੀਤਾ ਗਿਆ। ਪ੍ਰਧਾਨ ਮੈਡਮ ਜਨਕ ਜੋਸ਼ੀ ਨੇ ਦੱਸਿਆ ਕਿ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਮਿਤੀ 16/4/26 ਨੂੰ ਭਾਰਤ ਵਿਕਾਸ ਪ੍ਰੀਸ਼ਦ ਛੇਹਰਟਾ ਅੰਮ੍ਰਿਤਸਰ ਦੀ ਨਵੀਂ ਚੁਣੀ ਗਈ ਕਾਰਜਕਾਰਨੀ ਦੀ ਇੰਸਟਾਲੇਸਨ ਮਾਨਯੋਗ ਸੂਬਾ ਪ੍ਰਧਾਨ ਸ੍ਰੀ ਰਾਜੇਸ਼ ਪ੍ਰਭਾਕਰ ਅਤੇ ਸੂਬਾ ਜਨਰਲ ਸਕੱਤਰ ਰਵਿੰਦਰ ਪਠਾਣੀਆਂ ਜੀ ਕਰਾਉਣਗੇ ਪ੍ਰਧਾਨ ਸ੍ਰੀਮਤੀ ਜਨਕ ਜੋਸ਼ੀ ਜੀ ਨੇ ਦੱਸਿਆ ਕਿ ਸ੍ਰੀ ਵਿਸ਼ਾਲ ਵਧਾਵਨ, ਸਹਾਇਕ ਕਮਿਸ਼ਨਰ ਮਿਊਸਪਲ ਕਾਰਪੋਰੇਸ਼ਨ ਅਮ੍ਰਿਤਸਰ ਏਸ ਮੌਕੇ ਮੁੱਖ ਮਹਿਮਾਨ ਦੇ ਤੌਰ ਤੇ ਹਾਜਰ ਰਹਿਣਗੇ। ਮੈਡਮ ਡੌਲੀ ਭਾਟਿਆ ਨੇ ਕਿਹਾ ਕਿ ਸ੍ਰੀ ਕਮਲ ਕਿਸ਼ੋਰ ਅਭੀ ਜੀ ਇਸ ਮੌਕੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਨਿਭਾਉਣਗੇ। *ਸ੍ਰੀ *ਸਤੀਸ਼ ਕੁਮਾਰ ਜੀ ਬੱਲੂ ਨੂੰ ਪ੍ਰੀਸ਼ਦ ਦੀਆਂ ਸਾਰੀਆਂ ਗਤੀਵਿਧੀਆਂ ਵਾਸਤੇ ਮੁੱਖ ਸੇਵਾਦਾਰ ਦੀਆਂ ਸੇਵਾਵਾਂ ਕਰਨ ਲਈ ਜ਼ਿੰਮੇਵਾਰੀਆ ਦਿਤੀਆਂ ਗਈਆਂ ਭਾਰਤ ਵਿਕਾਸ ਪ੍ਰੀਸ਼ਦ ਵਲੋਂ ਅਗਾਂਹੂ ਲਏ ਹੋਏ ਫੈਸਲੇ ਅਨੁਸਾਰ ਸੂਬੇ ਦੇ ਪ੍ਰਧਾਨ ਸ੍ਰੀ ਰਾਜੇਸ਼ ਪ੍ਰਭਾਕਰ ਜੀ ਦੀ ਅਗਵਾਈ ਹੇਠ ਸ੍ਰੀਮਤੀ ਜੋਤੀ ਵਾਸੀ ਛੇਹਰਟਾ ਨੂੰ ਉਨ੍ਹਾਂ ਦੇ ਘਰ ਜਾ ਕੇ ਵ੍ਹੀਲਚੇਅਰ ਦਿਤੀ ਗਈ ਮੀਟਿੰਗ ਵਿੱਚ ਇੰਜ ਦਲਜੀਤ ਸਿੰਘ ਕੋਹਲੀ ਨੂੰ ਵਾਤਾਵਰਨ ਮੁਖੀ, ਮੈਡਮ ਨੀਰੂ ਵਰਸ਼ਾ ਭਾਟਿਆ ਨੂੰ ਵਿੱਤ ਸਕੱਤਰ, ਮੈਡਮ ਸਰੋਜ਼ ਚਾਵਲਾ ਵੂਮਨ ਸੈਲ ਦੀ ਮੁਖੀ, ਹਰਿੰਦਰ ਧਵਨ ਜਾਇੰਟ ਵਿੱਤ ਸਕੱਤਰ, ਸ੍ਰੀ ਵਿਜੇ ਸ਼ਰਮਾ ਉਪ ਪ੍ਰਧਾਨ, ਉਪਰੋਕਤ ਨਿਯੁਕਤੀਆਂ ਤੈਅ ਕੀਤੀਆਂ ਗਈਆਂ ਅਤੇ ਮੀਟਿੰਗ ਵਿੱਚ ਸ਼ਾਮਲ ਹੋਰ ਵੀ ਸਤਿਕਾਰਯੋਗ ਮੈਂਬਰਾਨ ਨੇ ਸਮਾਜ ਭਲਾਈ ਦੇ ਕੰਮਾਂ ਨੂੰ ਪਹਿਲ ਦੇ ਆਧਾਰ ਤੇ ਕਰਨ ਦਾ ਪ੍ਰਣ ਕੀਤਾ।




(M) 97819-55016

ਬਲਬੀਰ ਸਿੰਘ

ਟਾਈਫਾਇਡ, ਸਰਵਾਈਕਲ, ਲੀਵਰ ਫੈਟੀ, ਲੱਤਾਂ ਬਾਹਵਾਂ ਦੀਆਂ ਦਰਦਾਂ ਆਦਿ ਹਰ ਬਿਮਾਰੀ ਦਾ ਇਲਾਜ ਗਰੰਟੀ ਨਾਲ ਕੀਤਾ ਜਾਂਦਾ ਹੈ।

ਗੋਇੰਦਵਾਲ ਰੋਡ, ਨੇੜੇ ਬੱਚੜੇ ਵਾਲੀ ਖੂਹੀ, ਤਰਨ ਤਾਰਨ


# ਸੀਨੀਅਰ ਏਸ਼ੀਅਨ ਫਰੀ ਸਟਾਈਲ ਕੁਸ਼ਤੀ 'ਚ ਭਾਰਤ ਦੇ ਸੰਦੀਪ ਮਾਨ ਵੱਲੋਂ ਚਾਂਦੀ ਦਾ ਮੈਡਲ ਜਿੱਤਣ ਦੀ ਖੁਸ਼ੀ ਵਿੱਚ ਲੱਡੂ ਵੰਡੇ




ਮੁੱਲਾਂਪੁਰ ਦਾਖਾ, 12 ਮਾਰਚ (ਦਵਿੰਦਰ ਸਿੰਘ ਲੰਮੇ) ਕ੍ਰਿਗਸਤਾਨ ਦੇਸ਼ ਵਿੱਚ 6 ਅਪ੍ਰੈਲ ਤੋਂ ਲੈ ਕੇ 12 ਅਪ੍ਰੈਲ ਤੱਕ ਹੋਈ ਸੀਨੀਅਰ ਏਸ਼ਅਨ ਫਰੀ ਸਟਾਈਲ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਮਾਨਸਾ ਜਿਲ੍ਹੇ ਦੇ ਪਿੰਡ ਬੁਰਜ ਰਾਠੀ ਦੇ ਪਹਿਲਵਾਨ ਸੰਦੀਪ ਮਾਨ ਵੱਲੋਂ 79 ਕਿਲੋਗ੍ਰਾਮ ਭਾਰ ਵਰਗ ਵਿੱਚ ਚਾਂਦੀ ਦਾ ਮੈਡਲ ਦੇਸ਼ ਦੀ ਝੋਲੀ ਪਾਉਣ ਦੀ ਖੁਸ਼ੀ ਵਿੱਚ ਸਥਾਨਕ ਸ਼ਹਿਰ ਦੇ ਕਲਾਸਿਕ ਕਾਰ ਸ਼ਿੰਗਾਰ ਵਿਖੇ ਮਾਨ ਦੇ ਦੋਸਤ ਪਹਿਲਵਾਨ ਹਰਮਨ ਗਿੱਲ, ਉਜਾਗਰ ਸਿੰਘ ਗਿੱਲ, ਸਾਬਕਾ ਲੀਡਰ ਕਰਤਾਰ ਸਿੰਘ ਤੂਰ, ਕੌਂਸਲਰ ਬਲਵਿੰਦਰ ਸਿੰਘ ਬੱਸਣ ਅਤੇ ਸਾਬਕਾ ਸਰਪੰਚ ਸਾਧੂ ਸਿੰਘ ਮੁੱਲਾਂਪੁਰ ਵੱਲੋਂ ਲੱਡੂ ਵੰਡੇ ਗਏ ਅਤੇ ਪਟਾਕੇ ਚਲਾ ਕੇ ਖੁਸ਼ੀ ਮਨਾਈ ਗਈ। ਇਸ ਮੌਕੇ ਕੌਂਸਲਰ ਬਲਵਿੰਦਰ ਸਿੰਘ ਬੱਸਣ ਨੇ ਕਿਹਾ ਕਿ ਪਹਿਲਵਾਨ ਸੰਦੀਪ ਮਾਨ ਦੀ ਇਹ ਵੱਡੀ ਪ੍ਰਾਪਤੀ ਹੈ ਅਤੇ ਪੂਰੇ ਦੇਸ਼ ਨੂੰ ਉਸ ਤੇ ਮਾਣ ਮਹਿਸੂਸ ਹੋ ਰਿਹਾ ਹੈ। ਉਹਨਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਖੇਡਾਂ ਅਤੇ ਵਿੱਦਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਬਚਨਵੱਧ ਹੈ ਅਤੇ ਉਹ ਸੰਦੀਪ ਮਾਨ ਦਾ ਜ਼ਿਕਰ ਪੰਜਾਬ ਦੇ ਖੇਡ ਮੰਤਰੀ ਕੋਲ ਜਰੂਰ ਕਰਨਗੇ ਤਾਂ ਜੋ ਉਸ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾ ਸਕੇ। ਖੁਸ਼ੀ 'ਚ ਖੀਵੇ ਹੋਏ ਪਹਿਲਵਾਨ ਹਰਮਨ ਗਿੱਲ ਮੁੱਲਾਂਪੁਰ ਨੇ ਆਪਣੇ ਇਸ ਦੋਸਤ ਪਹਿਲਵਾਨ ਦੀ ਪ੍ਰਾਪਤੀ ਤੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਦੇਸ਼ ਵੱਲੋਂ ਵਿਦੇਸ਼ੀ ਧਰਤੀ 'ਤੇ ਖੇਡਣਾ ਅਤੇ ਇਨਾਮ ਜਿੱਤਣਾ ਕੋਈ ਆਸਾਨ ਕੰਮ ਨਹੀਂ ਹੁੰਦਾ ਪਰ ਸਖਤ ਮਿਹਨਤ ਤੁਹਾਨੂੰ ਇਨਾਮ ਦੀ ਹੱਕਦਾਰ ਬਣਾ ਦਿੰਦੀ ਹੈ। ਹਰਮਨ ਨੇ ਦੱਸਿਆ ਕਿ 12 ਅਪ੍ਰੈਲ ਨੂੰ ਸੰਦੀਪ ਮਾਨ ਦਾ ਫਾਈਨਲ ਮੁਕਾਬਲਾ ਜਪਾਨੀ ਪਹਿਲਵਾਨ ਨਾਲ ਸੀ ਪਰ ਮਾਮੂਲੀ ਫਰਕ ਨਾਲ ਉਹ ਪਛੜ ਗਿਆ। ਉਹਨਾਂ ਦੱਸਿਆ ਕਿ ਸੰਦੀਪ ਮਾਨ ਮਾਲਵਾ ਰੈਸਲਿੰਗ ਕਲੱਬ ਭਗਤਾ ਭਾਈਕਾ ਦੇ ਕੋਚ ਸੁਖਵਿੰਦਰ ਸਿੰਘ ਤੋਂ ਕੋਚਿੰਗ ਲੈ ਕੇ ਇਥੋਂ ਤੱਕ ਪਹੁੰਚਿਆ ਹੈ । ਇਸ ਮੌਕੇ ਕੁਲਜੀਤ ਸਿੰਘ ਆਸਟਰੇਲੀਆ, ਭਲਵਾਨ ਪਵਨ ਕੁਮਾਰ, ਬਲਵਿੰਦਰ ਸਿੰਘ ਬੱਲੀ ਵਿਰਕ, ਵਿਸ਼ਵਜੀਤ ਸਿੰਘ, ਲਖਵੀਰ ਸਿੰਘ, ਨਵਲ ਕਿਸ਼ੋਰ, ਫੁਟਬਾਲ ਖਿਡਾਰੀ ਸਿੰਧਰੀ ਮੁੱਲਾਂਪੁਰ, ਹਰਜੀਤ ਸਿੰਘ ਅਤੇ ਪਰਮਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਪਿੰਡ ਪੰਡੋਰੀ ਗੋਲਾ ਦੇ ਦਰਜਨਾ ਪਰਿਵਾਰ ਕਾਂਗਰਸ ਪਾਰਟੀ ਚ ਸ਼ਾਮਿਲ

## ਕਾਂਗਰਸ ਪਾਰਟੀ ਚ ਉਨ੍ਹਾਂ ਨੂੰ ਪੂਰਾ ਮਾਣ ਸਨਮਾਨ ਦਿੱਤਾ ਜਾਵੇਗਾ: ਸਿੱਕੀ



ਤਰਨ ਤਾਰਨ, 12 ਅਪ੍ਰੈਲ (ਐਸ ਐਸ ਸੰਧਾ) ਵਿਧਾਨ ਸਭਾ ਹਲਕਾ ਖਡੂਰ ਸਾਹਿਬ ਅਧੀਨ ਆਉਂਦੇ ਇੱਥੋਂ ਨੇੜਲੇ ਪਿੰਡ ਪੰਡੋਰੀ ਗੋਲਾ ਵਿੱਚ ਕਾਂਗਰਸ ਪਾਰਟੀ ਨੂੰ ਅੱਜ ਉਸ ਵੇਲੇ ਵੱਡਾ ਹੁਲਾਰਾ ਮਿਲਿਆ ਜਦੋਂ ਪਿੰਡ ਦੇ ਦਰਜਨਾ ਪਰਿਵਾਰ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ (ਬ) ਦੀਆਂ ਗਲਤ ਤੇ ਲੋਕ ਮਾਰੂ ਨੀਤੀਆਂ ਤੋਂ ਤੰਗ ਆ ਕੇ ਪੰਜਾਬ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਰਮਨਜੀਤ ਸਿੰਘ ਸਿੱਕੀ ਦੀ ਅਗਵਾਈ ਹੇਠ ਜੈਕਾਰਿਆਂ ਤੇ ਨਾਅਰਿਆਂ ਦੀ ਗੂੰਜ 'ਚ ਨੌਜਵਾਨ ਆਗੂ ਪ੍ਰਭਜੀਤ ਸਿੰਘ ਰੰਧਾਵਾ ਦੇ ਗ੍ਰਹਿ ਵਿਖੇ ਕਾਂਗਰਸ ਪਾਰਟੀ ਚੋਂ ਸ਼ਾਮਿਲ ਹੋ ਗਏ। ਕਾਂਗਰਸ ਪਾਰਟੀ ਵਿੱਚ ਆਉਣ ਤੇ ਸਾਬਕਾ ਵਿਧਾਇਕ ਸਿੱਕੀ ਨੇ ਉਹਨਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਤੇ ਉਨਾਂ ਨੂੰ ਵਿਸ਼ਵਾਸ ਦਿੱਤਾ ਕਿ ਉਨਾਂ ਨੂੰ ਸਮੇਂ-ਸਮੇਂ ਤੇ ਕਾਂਗਰਸ ਪਾਰਟੀ 'ਚ ਮਾਨ-ਸਨਮਾਨ ਦੇ ਕੇ ਉਹਨਾਂ ਦਾ ਸਨਮਾਨ ਕਰਦੇ ਹੋਏ ਉਹਨਾਂ ਨੂੰ ਕਾਂਗਰਸ ਪਾਰਟੀ ਦੀਆਂ ਜਿੰਮੇਵਾਰੀਆਂ ਦਿੱਤੀਆਂ ਜਾਣਗੀਆਂ। ਕਾਂਗਰਸ ਪਾਰਟੀ ਹੀ ਇੱਕ ਐਸੀ ਪਾਰਟੀ ਹੈ ਜੋ ਹਰੇਕ ਮਿਹਨਤੀ ਅਤੇ ਇਮਾਨਦਾਰ ਵਰਕਰ ਨੂੰ ਇੱਜਤ ਮਾਣ ਦਿੰਦੀ ਹੈ ਜਦ ਕਿ ਵਿਰੋਧੀ ਧਿਰਾਂ ਮਿਹਨਤੀ ਤੇ ਇਮਾਨਦਾਰ ਵਰਕਰਾਂ ਨੂੰ ਗੁੱਠੇ ਲਾ ਕੇ ਚੰਦ ਨੋਟਾਂ ਦੀ ਖਾਤਰ ਸਰਮਾਏਦਾਰਾਂ ਤੇ ਨਸ਼ਾ ਸਮਗਲਰਾਂ ਨੂੰ ਅੱਗੇ ਰੱਖਦੀਆਂ ਹਨ। ਸਿੱਕੀ ਸਾਹਿਬ ਨੇ ਕਾਂਗਰਸ ਪਾਰਟੀ ਚੋਂ ਨਵੇਂ ਸ਼ਾਮਿਲ ਹੋਏ ਨੌਜਵਾਨਾਂ ਨੂੰ ਕਿਹਾ ਕਿ ਉਹ ਕਾਂਗਰਸ ਪਾਰਟੀ ਲਈ ਵੱਧ ਚੜ ਕੇ ਕੰਮ ਕਰਨ ਤਾਂ ਜੋ 2027 ਵਿੱਚ ਮੁੜ ਆਪਣੀ ਕਾਂਗਰਸ ਪਾਰਟੀ ਦੀ ਅਗਵਾਹੀ ਵਾਲੀ ਕਾਂਗਰਸ ਸਰਕਾਰ ਬਣਾ ਸਕੀਏ ਤੇ ਪੰਜਾਬ ਨੂੰ ਦੋਵੇਂ ਹੱਥੀ ਲੁੱਟਣ ਤੇ ਕੁੱਟਣ ਵਾਲਿਆਂ ਨੂੰ ਸਬਕ ਸਿਖਾ ਕੇ ਪੰਜਾਬ ਦੀ ਰਾਜਨੀਤੀ ਤੋਂ ਬਾਹਰ ਕੀਤਾ ਜਾਵੇ। ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਆਪਣੇ ਹਰੇਕ ਵਰਕਰ ਨਾਲ ਚਟਾਨ ਵਾਂਗ ਖੜੀ ਹੈ ਇਸ ਕਰਕੇ ਪੰਜਾਬ ਦੇ ਸੂਝਵਾਨ ਤੇ ਬਹਾਦਰ ਵੋਟਰ ਧੜਾ-ਧੜ ਕਾਂਗਰਸ ਪਾਰਟੀ 'ਚ ਸ਼ਾਮਿਲ ਹੋ ਕੇ ਕਾਂਗਰਸ ਪਾਰਟੀ ਨੂੰ ਮਜਬੂਤ ਕਰ ਰਹੇ ਹਨ। ਇਸ ਮੌਕੇ ਆਮ ਆਦਮੀ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਛੱਡਣ ਵਾਲਿਆਂ 'ਚ ਪ੍ਰਭਜੀਤ ਸਿੰਘ ਰੰਧਾਵਾ, ਗੁਰਸੇਵਕ ਸਿੰਘ, ਅਕਾਸ਼ਦੀਪ ਸਿੰਘ, ਗੁਰਪ੍ਰੀਤ ਸਿੰਘ, ਰਵਿੰਦਰ ਸਿੰਘ, ਸੁਖਵਿੰਦਰ ਸਿੰਘ, ਹੁਸਨਪ੍ਰੀਤ ਸਿੰਘ, ਅਰੁਣਪ੍ਰੀਤ ਸਿੰਘ, ਸੁਖਚੈਨ ਸਿੰਘ ,ਜਗਬੀਰ ਸਿੰਘ, ਸੁਖਬੀਰ ਕੌਰ, ਅਮਰਜੀਤ ਕੋਰ, ਕੁਲਵਿੰਦਰ ਕੌਰ, ਸਨਦੀਪ ਕੋਰ, ਜੱਸਪ੍ਰੀਤ ਕੋਰ, ਰਾਜਬੀਰ ਕੋਰ ,ਕੁਲਵਿੰਦਰ ਕੌਰ ਆਦਿ ਨੇ ਕਾਂਗਰਸ ਪਾਰਟੀ 'ਚ ਸ਼ਮੂਲੀਅਤ ਕੀਤੀ। ਇਸ ਮੌਕੇ ਸਿੱਕੀ ਸਾਹਿਬ ਤੋਂ ਇਲਾਵਾ ਸੁਖਵਿੰਦਰ ਸਿੰਘ ਬਿੱਟੂ, ਬਲਜਿੰਦਰ ਸਿੰਘ ਰੰਧਾਵਾ, ਬਲਜੀਤ ਸਿੰਘ ਰੰਧਾਵਾ, ਸਰਪੰਚ ਗੁਰਜੀਤ ਸਿੰਘ ਲਾਡੀ ਸ਼ਾਹ, ਮੈਬਰ ਰੁਲਦੂ ਸਿੰਘ, ਸਰਪੰਚ ਅਮਨਦੀਪ ਸਿੰਘ ਸਾਹ ਕੰਗ, ਬਚਿੱਤਰ ਸਿੰਘ ਕੰਗ, ਯੂਥ ਪ੍ਰਧਾਨ ਜੁਗਰਾਜ ਸਿੰਘ ਰੰਧਾਵਾ, ਯੂਥ ਜਰਨਲ ਸਕੱਤਰ ਕੁਲਬੀਰ ਸਿੰਘ ਕੋਟ, ਪੀ.ਏ ਰਣਜੀਤ ਸਿੰਘ ਰਾਣਾ ਆਦਿ ਕਾਂਗਰਸੀ ਆਗੂ ਹਾਜ਼ਰ ਸਨ।